ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥




ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 117 | ਅੰਕ : 90 | ਫਰਵਰੀ 2021 | ਭੇਟਾ - 10/- ਰੁਪੈ

## ਦਸਮ-ਗੁਰੂ ਜੀ ਦੀਆਂ ਸਿਖਿਆਵਾਂ ਅਪਨਾਕੇ ਜੀਵਨ ਸੁਧਾਰਨ ਦੀ ਲੋੜ-ਨਿਰਮਲ ਸਿੰਘ*
## ਦੀਵਾਨ ਵਲੋਂ ਦਸ਼ਮੇਸ਼-ਆਗਮਨ ਸਮੇਂ ਖਾਲਸਾਈ ਸ਼ਾਨ ਵਾਲਾ ਨਗਰ ਕੀਰਤਨ

ਦੁਸ਼ਟ ਦਮਨ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 354 ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ ਦੀਆਂ ਸੰਗਤਾਂ ਵਲੋਂ ਬੜੇ ਉਤਸ਼ਾਹ ਤੇ ਜਾਹੋ ਜਲਾਲ ਨਾਲ ਮਨਾਇਆ ਗਿਆ । ਸੰਗਤਾਂ ਨੇ ਗੁਰੂ ਘਰਾਂ ਵਿਚ ਸ੍ਰੀ ਅਖੰਡ ਪਾਠ ਰੱਖਣ ਦੇ ਨਾਲ-ਨਾਲ ਕੀਰਤਨ ਸਜਾਏ, ਕੀਰਤਨ ਦਰਬਾਰ ਕੀਤੇ ਰੋਸ਼ਨੀਆਂ ਨਾਲ ਆਲੇ ਦੁਆਲੇ ਨੂੰ ਰੋਸ਼ਨਾਉਂਦਿਆਂ ਜਗ ਮਗਾ ਦਿੱਤਾ ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸੰਬੰਧ ਵਿੱਚ ਪੂਰੀ ਖਾਲਸਾਈ ਸ਼ਾਨ ਅਤੇ ਸਿੱਖੀ ਰਵਾਇਤਾਂ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ । ਦੀਵਾਨ ਦੇ ਮੁੱਖ ਦਫਤਰ ਤੋਂ ਅਰੰਭ ਕੀਤੇ ਗਏ ਨਗਰ ਕੀਰਤਨ ਵਿੱਚ ਪ੍ਰਧਾਨ ਸ੍ਰ. ਨਿਰਮਲ ਸਿੰਘ, ਚੇਅਰਮੈਨ ਚੀਫ਼ ਖ਼ਾਲਸਾ ਦੀਵਾਨ ਸਕੂਲਜ਼ ਅਤੇ ਮੁਖੀ ਧਰਮ ਪ੍ਰਚਾਰ ਕਮੇਟੀ ਸ੍ਰ. ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸ੍ਰ. ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਸ੍ਰ. ਹਰਮਿੰਦਰ ਸਿੰਘ ਅਤੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਨੂੰ ਜੀ ਆਇਆਂ ਆਖਿਆ ਗਿਆ ਅਤੇ ਗੁਰਪੁਰਬ ਦੀ ਵਧਾਈ ਦਿੱਤੀ ਗਈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦਾ ਮੁੱਖ ਮੰਤਵ ਸਿੱਖੀ ਅਤੇ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ ਜਿਸ ਦੇ ਫਲਸਰੂਪ ਜਿੱਥੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੇ ਪਵਿਤਰ ਦਿਹਾੜੇ ਸਿੱਖ ਰਵਾਇਤਾਂ ਨਾਲ ਸ਼ਰਧਾ ਸਹਿਤ ਮਨਾਏ ਜਾਂਦੇ ਹਨ, ਉੱਥੇ ਨਵੀਂ ਪਨੀਰੀ ਨੂੰ ਸਿਖਿਆ ਰਾਹੀਂ ਗੁਰ ਸਿੱਖੀ ਨਾਲ ਜੋੜਨ ਦੇ ਹਰ ਸੰਭਵ ਯਤਨ ਕੀਤੇ ਜਾਂਦੇ ਹਨ। ਉਹਨਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਸਿਰਫ ਜੁਲਮ ਦੇ ਟਾਕਰੇ ਅਤੇ ਧਰਮ ਦੀ ਰੱਖਿਆ ਲਈ ਸਰਬੰਸ ਵਾਰ ਦਿੱਤਾ ਸਗੋਂ ਖਾਲਸਾ ਪੰਥ ਦੀ



ਨਗਰ ਕੀਰਤਨ ਦੀ ਆਰੰਭਤਾ ਸਮੇਂ ਅਰਦਾਸ



ਨਗਰ ਕੀਰਤਨ ਰਵਾਨਾ ਕਰਦੇ ਦੀਵਾਨ ਦੇ ਅਹੁਦੇਦਾਰ ਤੇ ਮੈਂਬਰ




ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ


ਸ੍ਰੀ ਹਰਿਮੰਦਰ ਸਾਹਿਬ ਪੁੱਜਣ 'ਤੇ ਸ਼ੁਕਰਸਾਨੇ ਦੀ ਅਰਦਾਸ


ਸਰਦਾਰ ਪਗੜੀ ਹਾਊਸ ਵੱਲੋਂ ਨਗਰ ਕੀਰਤਨ ਦਾ ਸੁਆਗਤ

ਸਾਜਨਾ ਕਰਕੇ ਸਿੰਖ ਕੌਮ ਨੂੰ ਅਮਰ ਕਰ ਦਿੰਤਾ ਹੈ । ਉਨ੍ਹਾਂ ਸੰਗਤਾਂ ਨੂੰ ਸਮਾਜ ਅਤੇ ਵਸਦੀ ਲੋਕਾਈ ਦੀ ਬਿਹਤਰੀ ਲਈ ਆਪਣੇ ਜੀਵਨ ਆਚਰਨ ਨੂੰ ਗੁਰੂ ਸਾਹਿਬ ਦੀਆਂ ਸਿਖਿਆਵਾਂ ਅਨੁਸਾਰ ਚੰਲ ਕੇ ਸੁਧਾਰਨ ਦੀ ਲੋੜ ਤੇ ਜੋਰ ਦਿੰਤਾ । ਨਗਰ ਕੀਰਤਨ ਦੀ ਰਵਾਨਗੀ ਸਮੇਂ ਵਿਸ਼ੇਸ਼ ਤੌਰ ਤੇ ਪੁਂਜੇ ਹੈਂਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਨੇ ਸੰਗਤਾਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੰਦਿਆਂ ਚੀਫ਼ ਖ਼ਾਲਸਾ ਦੀਵਾਨ ਵੰਲੋਂ ਸਿੰਖੀ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ । ਅਰਦਾਸੀਏ ਭਾਈ ਸਾਹਿਬ ਭਾਈ ਸੁਲਤਾਨ ਸਿੰਘ ਜੀ ਵੰਲੋਂ ਗੁਰੂ ਚਰਨਾਂ ਵਿੰਚ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੰਚ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਗੂੰਜ ਵਿੰਚ ਨਗਰ ਕੀਰਤਨ ਦੀ ਰਵਾਨਗੀ ਕੀਤੀ ਗਈ । ਪਾਲਕੀ ਸਾਹਿਬ ਵਿੰਚ ਬਿਰਾਜਮਾਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੰਚ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਖਾਲਸਾਈ ਸ਼ਾਨੋ ਸ਼ੌਕਤ ਦਾ ਪ੍ਰਦਰਸ਼ਨ ਅਤੇ ਨਗਰ ਕੀਰਤਨ ਦੇ ਉਤਸ਼ਾਹ ਅਤੇ ਸ਼ਰਧਾ ਵਿੰਚ ਵਾਧਾ ਕਰ ਰਹੇ ਸਨ। ਨਗਰ ਕੀਰਤਨ ਵਿੰਚ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸ਼ਤੀ ਅਧੀਨ ਚੰਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ: ਸੈ: ਪਬਲਿਕ ਸਕੂਲ ਜੀ. ਟੀ. ਰੋਡ, ਬਸੰਤ ਐਵੀਨਿਊ, ਮਜੀਠਾ ਬਾਈਪਾਸ, ਰਣਜੀਤ ਐਵੀਨਿਊ, ਗੋਲਡਨ ਐਵੀਨਿਊ, ਸੁਲਤਾਨਵਿੰਡ ਰੋਡ, ਪਰਾਗਦਸ, ਭਗਤਾਂਵਾਲਾ, ਫਰੈਂਡਸ ਐਵੀਨਿਊ, ਸ਼ੁਭਮ ਇਨਕਲੇਵ, ਸੁਰ ਸਿੰਘ, ਪਿੰਦੀ, ਸ਼ਹੀਦ ਉਧਮ ਸਿੰਘ ਮੈਮੋਰੀਅਲ ਸਕੂਲ, ਮਝਵਿੰਡ, ਝਬਾਲ, ਅਜਨਾਲਾ, ਨਵਾਂ ਪਿੰਡ, ਤਰਨਤਾਰਨ, ਰਸੂਲਪੁਰ, ਪੰਟੀ, ਸੀ.ਕੇ.ਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਟੀਚਿੰਗ, ਨਾਨ-ਟੀਚਿੰਗ ਸਟਾਫ, ਪ੍ਰਿੰਸੀਪਲ ਸਾਹਿਬਾਨ, ਸੀ.ਕੇ.ਡੀ. ਨਰਸਿੰਗ ਕਾਲਜ ਦਾ ਸਟਾਫ ਅਤੇ ਵਿਦਿਆਰਥੀ ਅਤੇ ਹੋਰਨਾਂ ਵਿਦਿਅਕ ਅਦਾਰਿਆਂ ਦੇ ਸਟਾਫ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸਾਹਿਬਾਨ ਸ਼ਾਮਲ ਸਨ ।












# ਸੰਪਾਦਕੀ

## ਕੀ ਤਿਰੰਗੇ ਦਾ ਨਿਰਾਦਰ ਜਾਂ ਲੋਕਤੰਤਰ ਦਾ ਹੋਇਆ ਖੂਨ ?

ਅੱਜ ਦੇਸ਼ ਦਾ ਸਭ ਤੋਂ ਵਡਾ ਦੁਖਾਂਤ ਇਹ ਹੈ ਕਿ ਕੇਂਦਰ ਸਰਕਾਰ ਤੇ ਕਾਬਜ਼ ਹਾਕਮ ਪਾਰਟੀ ਦੇਸ਼ ਵਾਸੀਆਂ ਦੀਆਂ ਸਮਸਿਆਵਾਂ ਸਮਝਣ ਤੇ ਸੁਲਝਾਉਣ ਦੀ ਥਾਂ ਕੇਵਲ ਆਪਣੀ ਪਾਰਟੀ ਦੇ ਹਿਤਾਂ ਦੀ ਬੁਲਾਰਾ ਬਣੀ ਹੋਈ ਹੈ। ਤ੍ਰਾਸਦੀ ਦਾ ਆਲਮ ਇਹ ਹੈ ਕਿ ਕੇਂਦਰ ਦੀ ਪੁਲਿਸ ਦੀ ਸਰਪ੍ਰਸਤੀ ਹੇਠ 26 ਜਨਵਰੀ ਨੂੰ ਜੋ ਹੁਲੜਬਾਜੀ ਹੋਈ ਉਸ ਸਮੇਂ ਇਕ ਗਹਿਰੀ ਸਾਜਿਸ਼ ਅਧੀਨ ਲਾਲ ਕਿਲੇ ਤੇ ਲਹਿਰਾ ਰਹੇ ਤਿਰੰਗੇ ਝੰਡੇ ਦੇ ਨਾਲ ਹੀ ਕੇਸਰੀ ਨਿਸ਼ਾਨ ਦਾ ਝੰਡਾ ਵੀ ਲਹਿਰਾ ਦਿੱਤਾ ਗਿਆ ਹੈ। ਸੁਤੰਤਰਤਾ ਦਿਵਸ ਹੋਣ ਦੇ ਬਾਵਜੂਦ ਭਾਰੀ ਭਰਕਮ ਸੁਰਖਿਆ ਫੌਜਾਂ ਵਲੋਂ ਲਾਲ ਕਿਲੇ ਦੀ ਕੀਤੀ ਹੋਈ ਘੇਰਾਬੰਦੀ, ਸਮਾਗਮ ਦੀ ਸਮਾਪਤੀ ਹੋਣ ਉਪਰੰਤ ਲਾਲ ਕਿਲੇ ਨੂੰ ਸੁਰਖਿਆ ਮੁਕਤ ਕਰਕੇ ਹੁਲੜਬਾਜਾਂ ਨੂੰ ਬਿਨ੍ਹਾਂ ਰੋਕ ਟੋਕ ਦੇ ਲਾਲ ਕਿਲੇ ਅੰਦਰ ਘੁਸਣ ਦੇਣਾ ਅਤੇ ਦਿਖਾਵੇ ਮਾਤਰ ਹਾਜ਼ਰ ਪੁਲੀਸ ਫੋਰਸ ਦਾ ਮੂਕ ਦਰਸ਼ਕ ਬਣ ਕੇ ਖੜੇ ਰਹਿਣਾ ਅਤੇ ਵਿਕਾਊ ਟੀ.ਵੀ ਚੈਨਲਾਂ ਨੂੰ ਬੇਲਗਾਮ ਸਰਕਾਰੀ ਪ੍ਰਸ਼ਾਸ਼ਨ ਅਤੇ ਹੁਲੜਬਾਜਾਂ ਦੀ ਹੁਲੜਬਾਜ਼ੀ ਨਜ਼ਰ ਨ ਆਉਣਾ ਆਦਿ ਸਰਕਾਰੀ ਪ੍ਰਸ਼ਾਸ਼ਨ ਲਈ ਕਈ ਸੁਆਲ ਖੜੇ ਕਰਦੀ ਹੈ। ਹਾਲਾਂ ਕਿ ਦੇਸ਼ ਵਿਦੇਸ਼ ਦੇ ਹਰ ਸੁਹਿਰਦ ਵਾਸੀ ਅਤੇ ਅਸਲ ਕਿਸਾਨ ਜਥੇਬੰਦੀਆਂ ਨੇ ਇਸ ਹੁਲੜਬਾਜੀ ਤੇ ਹੁਲੜਬਾਜ਼ਾਂ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਪਰ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਸਮੇਤ ਸਾਰੇ ਮੰਤਰੀਆਂ, ਭਾਜਪਾਈਆਂ ਅਤੇ ਨਿਊਜ਼ ਚੈਨਲਾਂ ਨੇ ਅੱਖਾਂ ਮੀਟਦਿਆਂ ਕੇਵਲ ਤਿਰੰਗੇ ਦਾ ਅਪਮਾਨ ਹੋਣ ਦਾ ਝੂਠਾ ਰੋਣਾ ਰੋਕੇ ਲੋਕਤੰਤਰਤਾ ਦੇ ਮਥੇ ਤੇ ਕਲੰਕ ਲਉਂਦਿਆ ਕੇਵਲ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਵਾਲਿਆਂ ਨੂੰ ਦੋਸ਼ੀ ਠਹਿਰਾਇਆ ਹੈ।

ਦੇਸ਼ ਦੀ ਹੁਕਮਰਾਨ ਪਾਰਟੀ ਸ਼ਾਇਦ ਭੁਲ ਗਈ ਹੈ ਕਿ ਅਠਾਰਵੀਂ ਸਦੀ ਵਿਚ ਕਰੋੜ ਸਿੰਘੀਆ ਮਿਸਲ ਦੇ ਜਾਂਬਾਂਜ ਸਿੱਖ ਜਰਨੈਲ ਸ੍ਰ: ਜੱਸਾ ਸਿੰਘ ਆਹਲੂਵਾਲੀਆ ਦੀ ਸੱਜੀ ਬਾਹ ਸ੍ਰ: ਬਘੇਲ ਸਿੰਘ ਨੇ 40,000 ਸਿੱਖ ਫੌਜ਼ ਦੀ ਮਦਦ ਨਾਲ ਦਿਲੀ ਫਤਿਹ ਕਰ ਕੇ ਲਾਲ ਕਿਲੇ ਤੋਂ ਮੁਗਲਈ ਝੰਡਾ ਉਤਾਰ ਕੇ ਸਿੱਖ ਪੰਥ ਦਾ ਪਹਿਲੀ ਵਾਰ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਸੀ ਜੋ ਅੰਗ੍ਰੇਜ਼ਾਂ ਦੀ ਹਕੂਮਤ ਆਉਣ ਤਕ ਲਾਲ ਕਿਲੇ ਤੇ ਨਿਰੰਤਰ ਝੂਲਦਾ ਰਿਹਾ। ਤਿੰਰਗਾ ਤਾਂ ਉਸ ਸਮੇਂ ਹੋਂਦ ਵਿਚ ਵੀ ਨਹੀਂ ਸੀ ਆਇਆ। ਏਥੋਂ ਤਕ ਕਿ ਸਾਲ 2014 ਵਿਚ ਮਨਾਏ ਗਏ ਦਿਲੀ ਫਤਹ ਦਿਵਸ' ਸਮੇਂ ਸਾਰਾ ਲਾਲ ਕਿਲਾ ਚੌਤਰਫੀ ਤਿਰੰਗੇ ਅਤੇ ਕੇਸਰੀ ਨਿਸ਼ਾਨ ਸਾਹਿਬ ਨਾਲ ਇਕਸਾਰ ਲਹਿਰਾਇਆ ਗਿਆ ਸੀ। ਗੌਰਤਲਬ ਹੈ ਕਿ ਇਸ ਦਿਲੀ ਫਤਿਹ ਦਿਵਸ ਸਮੇਂ ਭਾਜਪਾਈਆਂ ਦੇ ਦਸ ਹਜ਼ਾਰ ਵਰਕਰਾਂ ਸਮੇਤ ਸਾਰੇ ਉਚਪਾਏ ਦੇ ਲੀਡਰ ਵੀ ਸ਼ਾਮਲ ਹੋਏ ਸਨ।

ਬਾਬਾ ਖੜਕ ਸਿੰਘ ਜੀ ਦੀ ਮੰਗ ਅਨੁਸਾਰ ਤਿਰੰਗੇ ਦੀ ਬਣਤਰ ਸਮੇਂ ਸਿੱਖ ਕੌਮ ਦਾ ਕੇਸਰੀ ਨਿਸ਼ਾਨ ਸਭ ਤੋਂ ਉਪਰ ਰਖਿਆ ਗਿਆ। ਆਪਣੇ ਕੇਸਰੀ ਨਿਸ਼ਾਨ ਦੀ ਸਰਬਉਚਤਾ ਵਾਲੇ ਇਸ ਤਿਰੰਗੇ ਦਾ ਨਿਰਾਦਰ ਕਰਨ ਬਾਰੇ ਸਿੱਖ ਕਦੇ ਸੋਚ ਵੀ ਨਹੀਂ ਸਕਦੇ। ਇਸ ਲਈ ਕੇਂਦਰ ਦੀ ਹਾਕਮ ਸ੍ਰੇਣੀ ਨੂੰ ਇਤਿਹਾਸ ਨੂੰ ਸਨਮੁੱਖ ਰਖਦਿਆਂ ਸੱਚ ਨੂੰ ਸੱਚ ਕਹਿਣਾ ਤੇ ਮੰਨਣਾ ਚਾਹੀਦਾ ਹੈ ਕਿਉਂਕਿ ਝੂਠ ਦੇ ਪੈਰ ਨਹੀਂ ਹੁੰਦੇ।

ਹਾਲੇ ਵੀ ਡੁਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਦਿੱਲੀ ਦੇ ਵਿਭਿੰਨ ਬਾਰਡਰਾਂ ਤੇ ਬੈਠੇ ਲੱਖਾਂ ਦੀ ਗਿਣਤੀ ਵਿਚ ਅੰਦੋਲਨਕਾਰੀ ਕਿਸਾਨ ਆਪਣੇ ਸੈਂਕੜੇ ਸਾਥੀ ਸ਼ਹੀਦ ਕਰਵਾ ਕੇ ਵੀ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਹਨ। ਇਹ ਅੰਦੋਲਨ ਕੇਵਲ ਪੰਜਾਬ ਦੇ ਕਿਸਾਨਾਂ ਦਾ ਨਹੀਂ ਹੈ ਇਸ ਵਿਚ ਦੇਸ਼ ਭਰ ਦੇ ਕਿਸਾਨਾਂ ਦੀਆ 40 ਕਿਸਾਨ ਜੱਥੇਬੰਦੀਆਂ ਸ਼ਾਮਲ ਹਨ। ਚੰਗਾ ਹੋਵੇ ਕਿ ਕੇਂਦਰ ਦੀ ਸਰਕਾਰ ਆਪਣੇ ਪਾਰਟੀ ਦੇ ਹਿਤਾਂ ਦੀ ਸੌੜੀ ਹੱਠ ਧਰਮੀ ਛੱਡ ਕੇ ਦੇਸ਼ ਦੇ ਵਡੇ ਹਿਤਾਂ ਸਨਮੁਖ ਅੰਨਦਾਤੇ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਦੇਸ਼ ਨੂੰ ਖੁਸ਼ਹਾਲ ਬਣਾਉਣ ਵੱਲ ਤੁਰੰਤ ਕਦਮ ਪੁਟਦਿਆਂ ਆਪਣੇ ਵੱਡਪਣ ਦਾ ਸਬੂਤ ਦੇਵੇ।

ਡਾ: ਜਸਬੀਰ ਸਿੰਘ ਸਾਬਰ

ਸਰਪ੍ਰਸਤ : ਸ. ਨਿਰਮਲ ਸਿੰਘ, ਪ੍ਰਧਾਨ ਚੀਫ ਖਾਲਸਾ ਦੀਵਾਨ
ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਭਾਰਤ ਸਰਕਾਰ
ਸ. ਭਾਗ ਸਿੰਘ ਅਣਖੀ, ਚੇਅਰਮੈਨ ਸ਼ਕੂਲਜ਼ ਦੀਵਾਨ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180
ਸਹਿ : ਸੰਪਾ : ਮਨਜੀਤ ਕੌਰ ਪੀ.ਆਰ.ਓ. 8872042060

ਸਲਾਹਕਾਰ :
ਸ. ਸਵਿੰਦਰ ਸਿੰਘ ਕੱਥੂਨੰਗਲ, ਡਾ. ਜਸਵਿੰਦਰ ਸਿੰਘ ਢਿੱਲੋਂ, ਪ੍ਰੋ. ਵਰਿਆਮ ਸਿੰਘ,
ਬੀਬੀ ਕਿਰਨਜੋਤ ਕੌਰ, ਸ. ਸੰਤੋਖ ਸਿੰਘ ਸੇਠੀ, ਸ. ਭਗਵੰਤਪਾਲ ਸਿੰਘ ਸੱਚਰ,
ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ ।

ਪ੍ਰਕਾਸ਼ਕ
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

# ਚਸ਼ਮਾਂ ਇੱਛਾਬਲ ਤੇ ਡੂੰਘੀਆਂ ਸ਼ਾਮਾਂ

## ਪ੍ਰਸ਼ਨ

ਸੰਞ ਹੋਈ ਪਰਛਾਵੇਂ ਛੁਪ ਗਏ
ਕਿਉਂ ਇੱਛਾਬਲ ਤੂੰ ਜਾਰੀ?
ਨੈਂ ਸਰੋਦ ਕਰ ਰਹੀ ਉਵੇਂ ਹੀ
ਤੇ ਟੁਰਨੋਂ ਵੀ ਨਹਿ ਹਾਰੀ,
ਸੈਲਾਨੀ ਤੇ ਪੰਛੀ ਮਾਲੀ ਹਨ
ਸਭ ਆਰਾਮ ਵਿਚ ਆਏ,
ਸਹਿਮ ਸਾਵਦਲਾ ਛਾ ਰਿਹਾ ਸਾਰੇ
ਕੁਦਰਤ ਟਿਕ ਗਈ ਸਾਰੀ।

## ਚਸ਼ਮੇ ਦਾ ਉਤਰ:-

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ,
ਨਿਹੁੰ ਵਾਲੇ ਨੈਣਾਂ ਕੀ ਨੀਂਦਰ
ਓਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,-
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।



### ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਲਮ ਤੋਂ .......

# ਮੁਕਤਸਰ ਦੀ ਸਿੰਘ ਯੁੱਧ ਨੀਤੀ



(ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਮੁਕਤਸਰ ਦੀ ਜੰਗ ਦਾ ਇਹ ਪ੍ਰਸੰਗ ਫਰਵਰੀ ਤੇ ਦਸੰਬਰ 1925 ਵਿਚ ਲਿਖਿਆ ਸੀ ਜੋ ਸ੍ਰੀ ਕਲਗੀਧਰ ਚਮਤਕਾਰ ਦੇ ਭਾਗ-2 ਵਿਚ ਪੰਨਾ 190-196 ਤਕ ਅੰਕਤ ਕੀਤਾ ਪ੍ਰਾਪਤ ਹੁੰਦਾ ਹੈ। ਏਥੇ ਅਸੀ ਇਸ ਪ੍ਰਸੰਗ ਦੇ ਚੋਣਵਾਂ ਭਾਗ ਪਾਠਕਾਂ ਦੀ ਸੇਵਾ ਵਿਚ ਪ੍ਰਸਤੁਤ ਕਰ ਰਹੇ ਹਾਂ-ਸੰਪਾਦਕ)

ਮਹਾਂ ਸਿੰਘ ਜੀ ਨੇ ਆਪਣੀ ਜੱਥੇਦਾਰੀ ਵਿਚ ਸਤਿਗੁਰ ਜੀ ਦੇ ਮਗਰ ਕੂਚ ਦਾ ਹੁਕਮ ਦੇ ਦਿੱਤਾ। ਇਹ ਸੂਰਮਿਆਂ ਦਾ ਦਲ, ਇਕ ਵੇਰੀ ਸਿਦਕ ਵਿਚ ਹਾਰ ਖਾ ਕੇ ਮੁੜ ਜੀ ਉਠੇ, ਤਿਆਰ ਬਰਤਿਆਰ ਹੋ ਚੁੱਕੇ ਸਿੱਖਾਂ ਦਾ ਦਲ-ਖਿਦਰਾਣੇ ਦੇ ਸਰ (ਛੰਭ) ਕਿਨਾਰੇ ਅੱਪੜਿਆ। ਸਰ ਸੁੱਕਾ ਪਿਆ ਸੀ। ਦਸਮ ਗੁਰੂ ਜੀ ਉੱਥੇ ਅੱਪੜਕੇ ਸਰ ਨੂੰ ਸੁੱਕਾ ਵੇਖਕੇ ਅੱਗੇ ਕੂਚ ਕਰ ਗਏ ਸੇ। ਮਹਾਂ ਸਿੰਘ ਨੇ ਖਿਦਰਾਣਾ ਸੁੱਕਾ ਦੇਖਕੇ ਆਪਣਾ ਦਲ ਖੜਾ ਕਰਕੇ ਆਖਿਆ ਕਿ ਆਹ ਵੇਲਾ ਜੇ, ਸੱਚੀ ਸੇਵਾ ਦਾ, ਇਥੇ ਹੀ ਟਿਕ ਜਾਓ ਤੇ ਵੈਰੀ ਨੂੰ ਇੱਥੇ ਰੋਕੋ, ਉਸਨੇ ਇਧਰ ਧਾਵਾ ਕਰਨਾ ਹੈ ਕਿ ਪਾਣੀ ਦਾ ਛੰਭ ਸਾਂਭ ਲਵਾਂ ਤੇ ਅਸਾਂ ਅਗੋਂ ਰੋਕ ਕੀਤੀ ਤਾਂ ਉਹ ਸਮਝ ਸੀ ਕਿ ਗੁਰੂ ਜੀ ਇੱਥੇ ਹੀ ਹਨ, ਸੋ ਸੰਗ੍ਰਾਮ ਇਥੇ ਮੱਚ ਜਾਊ ਤੇ ਗੁਰੂ ਜੀ ਨੂੰ ਅੱਗੇ ਨਿਕਲ ਜਾਣ ਦਾ ਯਾ ਕੋਈ ਹੋਰ ਆਪਣੇ ਦੈਵੀ ਖ਼ਿਆਲ ਵਿਚ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਊ। ਸੋ ਗੁਰਮਤਾ ਸਾਧ ਕੇ ਉੱਥੇ ਡੇਰੇ ਪੈ ਗਏ। ਉੱਥੇ ਬੇਰੀਆਂ ਦਾ ਭਾਰੀ ਜੰਗਲ ਸੀ, ਸਿੰਘਾਂ ਨੇ ਵਡੇ ਵਡੇ ਚਾਦਰੇ ਬੇਰੀਆਂ ਤੇ ਪਾਕੇ ਐਸੀ ਸ਼ਕਲ ਰਚ ਦਿੱਤੀ ਜੋ ਦੂਰੋਂ ਤੰਬੂ ਨਜ਼ਰ ਪੈਣ। ਇਧਰ ਦਸ ਦਸ ਦਾ ਜੱਥਾ ਵੰਡ ਕੇ ਇਕ ਇਕ ਜੱਥੇਦਾਰ ਦੇ ਤਾਬੇ ਕਰਕੇ ਅੱਡ ਅੱਡ ਦਾਉ ਪੇਚ ਦੇ ਵਧਣ ਹਟਣ ਤੇ ਹਮਲਾ ਕਰਨ ਦੇ ਸਾਮਾਨ ਝੱਟ ਪੱਟ ਸੋਚ ਕੇ ਫੈਸਲਾ ਕਰ ਲਏ।

ਜਦੋਂ ਟਾਂਗੂ ਨੇ ਉੱਚੇ ਬ੍ਰਿੱਛਾਂ ਤੋਂ ਤੁਰਕ ਦਲ ਦੇ ਆ ਜਾਣ ਦੀ ਸੂਹ ਦਿੱਤੀ ਤਾਂ ਇਧਰੋਂ ਬੰਦੂਕਾਂ ਦੀ ਬਾੜ੍ਹ ਛੱਡੀ ਗਈ, ਜਿਸਤੋਂ ਦੁਸ਼ਮਨ ਨੂੰ ਆਪਣੀ ਵੱਲ ਖਿੱਚ ਲੈਣ ਦਾ ਮਤਲਬ ਸੀ ਕਿ ਮਤਾਂ ਕਿਸੇ ਦੇ ਆਖੇ ਜਾਂ ਅੱਚਨਚੇਤ ਵੈਰੀ ਉਥੇ ਨਾ ਅੱਪੜ ਪਵੇ ਜਿਥੇ ਗੁਰੂ ਜੀ ਹੋਣ। ਇਨ੍ਹਾਂ ਦਾ ਮਤਾ ਇਹ ਸੀ ਕਿ ਅਸੀਂ ਵੈਰੀ ਨੂੰ ਆਪਣੇ ਨਾਲ ਜੁੱਟਮ ਜੁਟ ਕਰ ਲਈਏ, ਵੱਸ ਚੱਲੇ ਤਾਂ ਮਾਰ ਲਈਏ, ਜੇ ਮਰ ਜਾਈਏ ਤਾਂ ਇਹ ਪਾਪੀ ਦਲ ਸਤਿਗੁਰ ਤਕ ਨਾ ਅੱਪੜ ਸਕੇ। ਸੋ ਬੰਦੂਕਾਂ ਦੀ ਅਵਾਜ਼ ਸੁਣਕੇ ਵਜ਼ੀਰ ਖਾਂ ਨੇ ਇਧਰ ਰੁਖ਼ ਕਰਕੇ ਹਮਲੇ ਦਾ ਹੁਕਮ ਦੇ ਦਿਤਾ, ਪਰ ਅਗੋਂ ਕਈ ਪਾਸਿਆਂ ਤੋਂ ਬੇਰੀਆਂ ਦੇ ਉਹਲਿਓਂ ਗੋਲੀਆਂ ਦਾ ਮੀਂਹ ਆ ਪਿਆ। ਇਧਰ ਉਧਰ ਤੱਕ ਕੇ ਤੁਰਕਾਂ ਨੇ ਫੇਰ ਗੋਲੀਆਂ ਦਾ ਮੀਂਹ ਵਸਾਇਆ, ਪਰ ਬੇਰੀਆਂ ਦੇ ਅਤੇ ਝੰਗੀਆਂ ਦੇ ਕੁਦਰਤੀ ਮੋਰਚੇ ਸਿੰਘਾਂ ਨੂੰ ਵਾਧੇ ਦਾ ਦਾਉ ਦੇ ਗਏ। ਜਦ ਦੁਵੱਲੀ ਬੰਦੂਕਾਂ ਚੱਲ ਪਈਆਂ ਤਾਂ ਉਧਰ ਦਾਨ ਸਿੰਘ ਨੇ ਸਤਿਗੁਰੂ ਜੀ ਨੂੰ ਆਖਿਆ, ਮਹਾਰਾਜ* ਵੈਰੀ ਨੇ ਹੱਲਾ ਬੋਲ ਘਤਿਆ ਹੈ ਸਤਿਗੁਰੂ ਜੀ ਬੋਲੇ ਸਜਣਾ ਪਤਾ ਹੈ ਤੇ ਖਾਲਸੇ ਨੇ ਬੀ ਬੋਲ ਬਾਲਾ ਕਰ ਦਿਤਾ ਹੈ, ਆਓ ਟਿੱਬੀ ਉੱਤੇ ਚਲੋ। ਇਹ ਕਹਿ ਦਾਤਾ ਜੀ ਜਿਥੇ ਸੇ ਉਥੋਂ ਟਿੱਬੀ ਉਤੇ ਚੜ੍ਹ ਗਏ, ਥਾਂ ਥਾਂ ਆਪਣੇ ਸੂਰਮੇ ਖੜੇ ਕਰ ਦਿੱਤੇ, ਆਪ ਸਭ ਤੋਂ ਉੱਚੀ ਥਾਵੇਂ ਬੀਰਾਸਨ ਹੋ ਕੇ ਕਮਾਨ ਸੂਤ ਲਈ। ਅਜ ਫੇਰ ਏਸ ਮਦਾਨ ਵਿਚ ਫੇਰ ਧਨੁਸ ਵਿਦਿਆ ਦੇ ਜੌਹਰ ਖੁੱਲ੍ਹਣ ਲੱਗੇ। ਉਚਾਈ ਤੋਂ ਤਕ ਤਕ ਤੇ ਆੜਾਂ ਵਿਚੋਂ ਸੇਧਾਂ ਬੰਨ੍ਹ ਬੰਨ੍ਹ ਲਗੇ ਤੀਰ ਬਰਸਾਨ। ਕਿਸੇ ਕਿਸੇ ਟਿਕਾਣੇ ਬੈਰਾੜ ਬੰਦੂਕਚੀ (ਤੁਪਕਚੀ) ਨਿਸ਼ਾਨੇ ਫੁੰਡਣ ਵਾਸਤੇ ਸਤਿਗੁਰੂ ਜੀ ਨੇ ਖੜੇ ਕੀਤੇ ਸੀ। ਇਧਰੋਂ ਤਾਂ ਤੁਰਕ ਹਮਲਾਅਵਰਾਂ ਤੇ ਗੈਬੀ ਅੱਗ ਵਾਂਕੂ ਤੀਰ ਤੇ ਗੋਲੀ ਪੈਣ ਲਗੀ, ਮੀਂਹ ਵੱਸਵੀਂ ਨਹੀਂ, ਟਾਂਵੀਂ ਟਾਂਵੀਂ ਪਰ ਤਾਕੀ ਹੋਈ, ਸੇਧੀ ਹੋਈ ਚੋਣਵੀਂ ਤੇ ਨਿਸ਼ਾਨੇ ਬੈਠਵੀਂ। ਉਧਰੋਂ ਸਿੱਧੀ ਬਰਖਾ ਤੀਰਾਂ ਤੁਫੰਗਾਂ ਦੀ ਖਿਦਰਾਣੇ ਤੋਂ ਹੋਣ ਲੱਗੀ।



ਸੋ ਪਹਿਲਾ ਹੱਲਾ ਤੁਰਕਾਂ ਦਾ ਮੂੰਹ ਦੀ ਖਾਕੇ ਰੁਕ ਗਿਆ ਤੇ ਵਜ਼ੀਰ ਖਾਂ ਨੇ ਹੁਣ ਪੈਂਤੜਾ ਬਦਲਿਆ। ਛੋਟੇ ਛੋਟੇ ਦਸਤੇ ਬਣਾਏ ਤੇ ਇਧਰ ਉਧਰ ਵਧਾਏ। ਅੱਗੇ ਹਰ ਪਾਸੇ ਕਿਤੇ ਨਾ ਕਿਤੇ ਮੋਰਚਿਆਂ ਵਿਚ ਸਿੰਘ ਤਿਆਰ ਸੇ। ਸੋ ਤੀਰ ਬੰਦੂਕ ਦੀ ਲੜਾਈ ਹੁੰਦੀ ਰਹੀ ਤੇ ਬਹੁਤੇ ਹੋਣ ਕਰਕੇ ਇਹ ਲੜਾਈ ਵਜ਼ੀਰ ਖਾਂ ਲਈ ਬਹੂੰ ਦੁਖਦਾਈ ਨਾ ਹੋਈ। ਕਿਉਂਕਿ ਬਹੁਤੇ ਮਰਵਾ ਲੈਣੇ ਉਸ ਲਈ ਕਠਿਨਤਾ ਨਹੀਂ ਸੀ, ਪਰ ਉਸਦੇ ਲਸ਼ਕਰ ਵਿਚ ਅਚਾਨਕ ਗੋਲੀ ਤੀਰ ਕਿਤੋਂ ਦੂਰੋਂ ਆਕੇ ਜਰਨੈਲਾਂ ਨੂੰ ਫੁੰਡਦਾ ਸੀ, ਜਿਸ ਨਾਲ ਉਸ ਨੂੰ ਜਲਦੀ ਜਲਦੀ ਆਪਣੀ ਵੰਡ ਸੁਧਾਰਨੀ ਪੈਂਦੀ ਤੇ ਜਰਨੈਲਾਂ ਦੇ ਮਰਨ ਨਾਲ ਕਸ਼ਟ ਹੁੰਦਾ, ਟਿੱਬੀ ਦਾ ਇਸ ਨੂੰ ਪਤਾ ਨਹੀਂ ਪੈ ਸਕਿਆ। ਪਰ ਉਹ ਲੜਦਾ ਰਿਹਾ। ਇਧਰ ਖਿਦਾਰਣੇ ਦੇ ਸਿੰਘਾਂ ਨੇ ਬੀ ਵ੍ਰਹ ਹੱਲੇ ਬੋਲੇ ਕਿ ਰਹੇ ਸਾਈਂ ਦਾ ਨਾਮ। ਆਖਰ ਵਧਦੇ ਵਧਦੇ ਤੁਰਕ ਤਾਲ ਦੇ ਨੇੜੇ ਆ ਢੁਕੇ। ਹੁਣ ਖਾਲਸੇ ਨੂੰ ਹੱਥੋ ਹੱਥ ਜੰਗ ਆ ਪਿਆ। ਸ਼ਮਸ਼ੀਰਾਂ ਸੂਤ ਕੇ ਨੇਜ਼ੇ ਭਾਲੇ ਸੰਭਾਲਕੇ ਆਪਣੀ ਵੰਡ ਮੂਜਬ ਵਧ ਵਧ ਕੇ ਲੜੇ। ਅਨੇਕਾਂ ਦੇ ਆਹੂ ਲਾਹੁੰਦੇ ਜ਼ਖਮੀ ਹੋ ਹੋ ਕੇ ਬੀ ਵਧੇਰੇ ਬਲਕਾਰ ਨਾਲ ਲੜਦੇ ਟੁਕੜੇ ਹੋ ਹੋ ਡਿਗਦੇ।

ਇਸ ਤਰ੍ਹਾਂ ਜੋ ਜੋ ਦਸਤਾ ਦੁਸ਼ਮਨ ਦਾ ਵਧਕੇ ਤਾਲ ਵੱਲ ਆਉਂਦਾ, ਇਧਰੋਂ ਅੱਠ ਦਸ ਦਾ ਦਸਤਾ ਬੰਦੂਕਾਂ ਤੀਰ ਲੈ ਅੱਗੇ ਹੁੰਦਾ। ਜਦ ਤੀਰ ਗੋਲੀ ਮੁੱਕ ਜਾਂਦੇ ਤਾਂ ਤਲਵਾਰਾਂ ਸੂਤਕੇ ਜਾ ਪੈਂਦੇ। ਇਹ ਜਾਨਾਂ ਵਾਰਕੇ ਲੜ ਰਹੇ ਸੇ, ਬਚਣ ਦੀ ਆਸ ਧਾਰਕੇ ਫ਼ਤਹ ਦਾ ਖ਼ਿਆਲ ਜੀ ਵਿਚ ਲੈਕੇ ਨਹੀਂ ਲੜ ਰਹੇ ਸੇ, ਇਨ੍ਹਾਂ ਨੇ ਤਾਂ ਲੜਨਾ ਸੀ, ਅਰ ਮਰਨਾ ਸੀ ਤੇ ਮਰਨ ਤੋਂ ਪਹਿਲਾਂ ਵਧ ਤੋਂ ਵਧ ਨੂੰ ਮਾਰਨਾ ਸੀ। ਇਨ੍ਹਾਂ ਦੇ ਤੇਜ, ਬਲ, ਕੁਰਬਾਨੀ, ਬੀਰਤਾ ਦੇ ਅੱਗੇ ਤਨਖਾਹਦਾਰ, ਬਚ ਕੇ ਲੜਨਹਾਰਾਂ ਨੇ ਕਦੇ ਉਹ ਬੀਰਤਾ ਦੱਸ ਹੀ ਨਹੀਂ ਸਕਣੀ ਸੀ, ਜੋ ਏਹ ਦਿਖਾ ਰਹੇ ਸੇ। ਸਿੱਖਾਂ ਦਾ ਜੋ ਦਸਤਾ ਮੁਕਦਾ ਅਗਲੇ ਪਾਸੇ ਦੀ ਅਨਗਿਣਤੀ ਦੇ ਸਾਹਮਣੇ ਮਰਦਾ ਸੀ, ਪਰ ਗਿਣਤੀ ਕੀਤਿਆਂ ਇੱਕ ਇੱਕ ਸਿੱਖ ਦੇ ਬਦਲੇ ਵੀਹ ਵੀਹ ਤੀਹ ਤੀਹ ਤੁਰਕ ਮਰਦੇ ਤੇ ਘਾਇਲ ਹੋ ਕੇ ਡਿੱਗਦੇ ਸੇ। ਇਸ ਤਰ੍ਹਾਂ ਕਈ ਘੰਟੇ ਜੰਗ ਮਚਾਈ ਲੜਦੇ, ਮਰਦੇ ਮਾਰਦੇ ਰਹੇ, ਅੰਤ ਬਾਕੀ ਤੇਰਾਂ ਸਿੰਘ ਰਹਿ ਗਏ। ਸੋ ਏਹ ਇਕੱਠੇ ਹੀ ਤੇਰਾਂ ਤਲਵਾਰਾਂ ਸੂਤਕੇ ਵਧੇ ਤੇ ਸ਼ੱਤਰੂ ਉੱਤੇ ਜਾ ਪਏ:-

**ਚਲੇ ਬੀਰ ਸੋਊ ਬਡੇ ਓਤਸਾਹੇ, ਧਰੇ ਸ਼ਸਤ੍ਰ ਮਾਰੇ ਮਹਾ ਜੰਗ ਮਾਹੇ।**

**ਕਢੇ ਮਯਾਨ ਤੇਗ ਗਹੇ ਹੱਥ ਢਾਲੇ, ਚਲਾਕੀ ਕਰੰਤ ਸੁ ਛਾਲੈਂ ਉਛਾਲੇ। ।50। ।**

**ਝਟਾ ਪੱਟ ਜੁੱਟੇ ਲਟਾ ਲੱਟ ਹੋਏ। ਸਟਾਪੱਟ ਸੁੱਟੇ ਕਟਾ ਕੱਟ ਜੋਏ।**

**ਕਟਾ ਕੂਟ ਕੱਟੇ ਚਟਾਪੱਟ ਮਾਰੇ, ਖਟਾ ਖੱਟ ਖੋਟੇ ਹਟਾ ਹੱਟ ਹਾਰੇ। ।51। ।**

ਇਸ ਤਰ੍ਹਾਂ ਲੜਦੇ ਇਹ ਅੱਗੇ ਵਧ ਗਏ ਅਰ ਸੈਨਾ ਵਿਚ ਜਾ ਧੱਸੇ, ਵੱਡੇ ਵੱਡੇ ਜਰਨੈਲਾਂ ਨੂੰ ਜੋ ਅੱਗੋਂ ਆਉਂਦਾ ਏਹ ਚੁਣ ਚੁਣ ਕੇ ਮਾਰਦੇ। ਇਸ ਤਰ੍ਹਾਂ ਲੜਦੇ ਵੱਧਦੇ ਚਲੇ ਗਏ। ਛੇਕੜ ਇਨ੍ਹਾਂ ਨੇ ਆਪਣੀਆਂ ਪਵਿੱਤ੍ਰ ਦੇਹੀਆਂ ਟੋਟੇ ਟੋਟੇ ਕਰਾਕੇ ਆਪਣੇ ਪਿਆਰੇ ਸਤਿਗੁਰ ਤੋਂ, ਪੰਥ ਤੋਂ, ਦੇਸ਼ ਤੋਂ, ਸੱਚ ਤੋਂ ਵਾਰ ਘੱਤੀਆਂ। ਤੁਰਕਾਂ ਦਾ ਇੰਨਾ ਨੁਕਸਾਨ ਹੋਇਆ ਕਿ ਕੁਛ ਹਿਸਾਬ ਨਾ ਰਿਹਾ, ਰਵਾਇਤਾਂ ਹਨ ਕਿ ਪੰਜ ਹਜ਼ਾਰ ਸੇਨਾ ਵਿੱਚੋਂ ਪਿੱਛੇ ਮੁੜਨ ਜੋਗ ਮੁਸ਼ਕਲ ਨਾਲ ਦੋ ਹਜ਼ਾਰ ਰਹਿ ਗਏ। ਹੁਣ ਇਹ ਤੱਕਕੇ ਕਿ ਨਾ ਤਾਂ ਅੱਗੋਂ ਕੋਈ ਦਸਤਾ ਸਿੱਖਾਂ ਦਾ ਲੜਨ ਆਉਂਦਾ ਹੈ ਨਾ ਕਿਤੋਂ ਝਾੜ ਝੰਗੀ ਵਿਚੋਂ ਤੀਰ ਗੋਲੀ ਆਉਂਦੀ ਹੈ, ਨਵਾਬ ਅੱਗੇ ਵਧਿਆ ਕਿ ਤਾਲ ਉਤੇ ਕਬਜ਼ਾ ਝਟ ਪਟ ਹੋ ਜਾਏ। ਪਰ ਬਦਕਿਸਮਤੀ ਨਾਲ ਉਸ ਨੇ ਅਗੇ ਵਧਕੇ ਕੀ ਡਿੱਠਾ ਕਿ ਤਾਲ ਸੁੱਕਾ ਪਿਆ ਹੈ, ਘੁੱਟ ਪਾਣੀ ਦਾ ਨਹੀਂ ਹੈ। ਹੈਰਾਨ ਹੋਇਆ ਕਿ ਸੁੱਕੀ ਢਾਬ ਲਈ ਸਿੱਖ ਕਿਉਂ ਲੜ ਮਰੇ? ਪਰ ਸੱਖਣੇ ਦਿਮਾਗ ਵਾਲੇ ਜ਼ਾਲਮ ਨੂੰ ਕੀਹ ਪਤਾ ਸੀ ਕਿ ਜੀਉਂਦੇ ਜੋਧਿਆਂ ਦੇ ਜੰਗੀ ਦਾਉ ਪੇਚ ਕੁਛ ਹੋਰ ਤਰ੍ਹਾਂ ਦਾ ਮੁੱਲ ਰੱਖਦੇ ਹਨ। ਨਵਾਬ ਨੇ ਠੰਢਾ ਸਾਹ ਲੀਤਾ ਤੇ ਆਖਿਆ:-ਹੈਫ਼* ਸੈਨਾਂ ਬੀ ਮਰਵਾਈ ਤੇ ਪਾਣੀ ਬੀ ਨਾ ਲੱਝਾ, ਪਰ ਹਸਰਤ ਮਿਟ ਜਾਏ, ਜੋ ਅੱਲਾ ਚਾਹੇ ਤਾਂ ਮਿਟੇਗੀ ਕਿ ਇਸ ਮੁਰਦਾ ਪਈ ਵਹੀਰ ਵਿੱਚੋਂ ਹੁਣ ਕਲਗੀਧਰ ਦਾ ਕਲਗੀ ਵਾਲਾ ਸੀਸ ਮਿਲੇਗਾ, ਤਲਾਸ਼ ਕਰੋ। ਆਪ ਨਵਾਬ ਪਰਲੇ ਪਾਸੇ ਇਕ ਝੰਗੀ ਵਲ ਗਿਆ, ਕੀ ਦੇਖਦਾ ਹੈ ਕਿ ਇਕ ਗ੍ਰਾਂਡੀਲ ਲੰਮੀ ਤ੍ਰੀਮਤ ਸਾਂਗ ਲਈ ਖੜੀ ਹੈ। ਇਸ ਨੇ ਅੱਗੇ ਜੁੱਧ ਵਿਚ ਕਾਫੀ ਹਿੱਸਾ ਲਿਆ ਸੀ, ਹੁਣ ਇਕ ਅਪਣੇ ਵੱਲ ਵਧੇ ਆ ਰਹੇ ਪਠਾਣ ਨੂੰ ਸਾਂਗ ਨਾਲ ਪ੍ਰੋਕੇ ਪਰੇ ਸੁੱਟ ਕੇ ਅੱਗੇ ਵਧੀ ਹੀ ਸੀ ਕਿ ਇਕ ਹੋਰ ਤੁਰਕ ਨੇ, ਜੋ ਘੋੜੇ ਪਰ ਸਵਾਰ ਸੀ, ਅੱਗੇ ਵਧਕੇ ਤਲਵਾਰ ਚਲਾਈ, ਪਰ ਉਸ ਤੋਂ ਪਹਿਲਾਂ ਤ੍ਰੀਮਤ ਨੇ ਉਸ ਨੂੰ ਸਾਂਗ ਨਾਲ ਪ੍ਰੋਕੇ ਧਰਾ ਤੇ ਡੇਗ ਲਿਆ। ਇਧਰੋਂ ਇਕ ਹੋਰ ਪਠਾਣ ਅੱਗੇ ਵਧਿਆ, ਇਸਨੇ ਗਤਕੇਬ਼ਾਜੀ ਦਾ ਇਕ ਪਲੱਥਾ ਕਰਕੇ ਵਾਰ ਕੀਤਾ, ਸੱਟ ਖਾਕੇ ਤ੍ਰੀਮਤ ਢਹਿ ਪਈ, ਉਸਨੂੰ ਢੱਠੀ ਸਮਝ ਕੇ ਪਠਾਣ ਅੱਗੇ ਹੋਣ ਲੱਗਾ ਸੀ ਕਿ ਉਸਦੇ ਮੱਥੇ ਵਿਚ ਇਕ ਸ਼ੂਕਦਾ ਤੀਰ ਆ ਵੱਜਾ, ਉਹ ਕਾਇਰ ਉਥੇ ਹੀ ਸੈਆਂ ਵਰ੍ਹਿਆਂ ਦਾ ਹੋ ਢੱਠਾ। ਚਾਰ ਚੁਫੇਰੇ ਦੇਖ ਭਾਲ ਹੋਈ ਕਿ ਤੀਰ ਕਿੱਥੋਂ ਆਇਆ ਹੈ। ਛੇਕੜ ਇਹ ਸਮਝਕੇ ਕਿ ਸਿਖ ਤਾਂ ਕੋਈ ਬਾਕੀ ਨਹੀਂ ਹੈ, ਇਹ ਕਿਤੋਂ ਕਿਸੇ ਆਪਣੇ ਦਾ ਹੀ ਤੀਰ ਹੋਣਾ ਹੈ ਜੋ ਦੂਰੋਂ ਭੁਲੇਵੇਂ ਸਿਰ ਆ ਗਿਆ ਹੋਊ ਤੇ ਇਹ ਸਮਝ ਕੇ ਕਿ ਤ੍ਰੀਮਤ ਮਰ ਗਈ ਹੈ ਫੇਰ ਤਲਾਸ਼ ਸ਼ੁਰੂ ਹੋਈ। ਪਰ ਕਪੂਰ ਸਿੰਘ ਨੇ ਸਿਆਣ ਲਿਆ ਸੀ ਕਿ ਤੀਰ ਇਹ ਮੇਰੇ ਸਤਿਗੁਰ ਦਾ ਹੈ। ਤਾਲ ਵਿਚ, ਤਾਲ ਦੇ ਕੰਢੇ, ਝੰਗੀਆਂ, ਬੇਰੀਆਂ, ਝਾੜੀਆਂ ਦੂਰ ਦੂਰ ਜਿੱਥੇ ਸਿਖ ਮੁਰਦਾ ਯਾ ਸਿਸਕਦਾ ਪਿਆ ਸੀ, ਤਲਾਸ਼ ਹੋਈ। ਕਪੂਰ ਸਿੰਘ ਨਾਲ ਸੀ, ਜਿਸ ਜਿਸ ਸੀਸ ਤੇ ਸ਼ੱਕ ਪਵੇ ਕਪੂਰ ਸਿੰਘ ਨੂੰ ਦਿਖਲਾਉਣ, ਉਹ ਸਿਰ ਫੇਰੇ ਤੇ ਆਖੇ, ਨਵਾਬ ਜੀ* ਗੁਰੂ ਜੀ ਹੱਥ ਆਉਣ ਵਾਲੀ ਸੱਤਯਾ ਨਹੀਂ। ਓਹ ਸਾਹਿਬ ਕਸ਼ਫ ਲੋਕ ਹਨ। ਗੈਬੀ ਤਾਕਤਾਂ ਬੀ ਉਨ੍ਹਾਂ ਦੇ ਵੱਸ ਵਿਚ ਹਨ, ਤੁਸੀ ਜਤਨ ਕਰ ਚੁੱਕੇ ਹੋ, ਪਰ ਮੈਨੂੰ ਆਸ ਨਹੀਂ ਕਿ ਉਹ ਲਸ਼ਕਰ ਵਿਚ ਮਾਰੇ ਗਏ ਹੋਣ, ਜਿਸ ਵਿਚ ਕਿ ਆਪ ਐਸ ਵੇਲੇ ਫ਼ਤਹਯਾਬ ਵਿਚਰ ਰਹੇ ਹੋ''। ਨਵਾਬ ਨੇ ਘੂਰ ਕੇ ਤੱਕਿਆ, ਪਰ ਫੇਰ ਕਹਿਣ ਲੱਗਾ: ਦੱਸੋ ਹੁਣ ਚੌਧਰੀ ਜੀ ਪਾਣੀ ਕਿੱਥੇ ਮਿਲੇ? ਸਾਰੀ ਫੌਜ ਵਿਚ ਅਲਅਤਸ਼ ਅਲਅਤਸ਼ (ਪਿਆਸ ਪਿਆਸ) ਹੋ ਰਹੀ ਹੈ। ਵਿਸਾਖ ਦਾ ਮਹੀਨਾ ਹੈ, ਜ਼ਖਮੀਆਂ ਵਿਚ ਕੁਰਲਾਟ ਪਾਣੀ ਦੀ ਪੈ ਰਹੀ ਹੈ। ਮਸ਼ਕਾਂ, ਚਮਰਟੇ ਤੇ ਚਰਸੇ, ਜੋ ਖੱਚਰਾਂ ਬੌਲਦਾਂ ਦੇ ਨਾਲ ਲਿਆਏ ਸਾਂ, ਮੁੱਕ ਗਏ ਹਨ, ਦਿਨ ਢਲ ਗਿਆ ਹੈ, ਪਾਣੀ ਦਾ ਛੇਤੀ ਉਪਰਾਲਾ ਕਰੋ। ਕਪੂਰ ਸਿੰਘ ਨੇ ਆਖਿਆ, ਪਾਤਸ਼ਾਹ ਜੇ ਤਾਂ ਅੱਗੇ ਵਧਣਾ ਹੈ

ਤਾਂ ਪਾਣੀ 30 ਕੋਹ ਤੇ ਹੈ ਤੇ ਜੇ ਪਿੱਛੇ ਮੁੜਨਾ ਹੈ ਤਾਂ ਪਾਣੀ ਦਸਾਂ ਕੋਹਾਂ ਦੇ

ਲਗਪਗ ਮਿਲੇਗਾ। ਨਵਾਬ ਨੇ ਆਖਿਆ ਕਿ ਵਧਣਾਂ ਤਾਂ ਅੱਗੇ ਹੈ ਹੁਣ ਪਿੱਛਾ ਕਰਕੇ ਗੁਰੂ ਨੂੰ ਫੜਨਾ ਹੈ। ਐਨ ਇਸ ਵੇਲੇ ਇਕ ਡਾਢਾ ਵਜ਼ਨਦਾਰ ਤੀਰ ਸੂਕਦਾ ਆਇਆ ਅਰ ਨਵਾਬ ਦੇ ਸਾਹਮਣੇ ਖੜੇ ਇਕ ਤ੍ਰਬੂਜ਼ ਜੇਡੇ ਸਿਰ ਵੇਲੇ ਤਾਲ ਦੇ ਢਾਹੇ ਦੇ ਆਸਰੇ ਸੀ। ਕਪੂਰੇ ਆਖਿਆ, ਇਹ ਮਾਰੂਥਲ ਹੈ, ਪਾਣੀ ਹੈ ਨਹੀਂ, ਗੈਬੀ ਤੀਰ ਦੇਖ ਲਓ ਕੋਈ ਨਾ ਕੋਈ ਸਾਰਿਆਂ ਦੇ ਮਰ ਗਿਆਂ ਬੀ, ਆ ਪੈਂਦਾ ਹੈ। ਕਦ ਤਕ ਪਿਆਸੇ ਰਹੋਗੇ ਤੇ ਅੱਗੇ ਵਧੋਗੇ। ਇਹ ਸੁਣਕੇ ਨਵਾਬ ਨੇ ਬੁੱਲ੍ਹ ਟੁੱਕੇ, ਚਾਰ ਚੁਫੇਰੇ ਤ੍ਰਭ੍ਹਕਦਾ ਤੱਕਦਾ ਡੇਰੇ ਆਇਆ, ਬਾਕੀ ਬਚੇ ਸਰਦਾਰਾਂ ਨਾਲ ਵਿਚਾਰ ਕੀਤੀ। ਅੰਤ ਪਿਛਾਹਾਂ ਮੁੜਨਾ ਹੀ ਸਹੀ ਠਹਿਰਿਆ। ਜਦੋਂ ਨੂੰ ਲਸ਼ਕਰ ਸ਼ਾਹੀ ਮੁੜ ਗਿਆ ਤਾਂ ਉਸ ਟਿੱਬੀ ਤੋਂ ਸ੍ਰੀ ਗੁਰੂ ਜੀ ਹੇਠਾਂ ਉਤਰੇ, ਆਪ ਘੋੜੇ ਤੇ ਚੜ੍ਹੇ ਹੋਏ ਨਾਲ ਪਿਆਰੇ ਟੁਰਦੇ ਸਾਰੇ ਜਣੇ ਖਿਦਰਾਣੇ ਆਏ।

ਆਹ* ਹੁਣ ਨਜ਼ਾਰਾ ਪਿਆਰਿਆਂ ਦਾ* ਆਪਾ ਵਾਰਨ ਦਾ ਅੱਖਾਂ ਅੱਗੇ ਹੈ। ਕੌਣ ਪਏ ਸਨ?

ਕੱਟੇ ਵੱਢੇ ਟੁਕੜੇ ਹੋਏ ਹੋਏ? ਸੀਸ ਕਿਤੇ, ਧੜ ਕਿਤੇ, ਬਾਂਹਾਂ ਕਿਤੇ। ਕੋਈ ਗੋਲੀ ਨਾਲ ਫੱਟਿਆ ਪਿਆ ਹੈ, ਕੋਈ ਦੇਹੀ ਲਹੂਧਾਰਾ ਵਹਿ ਵਹਿ ਕੇ ਸਰਦ ਹੋ ਰਹੀ ਹੈ। ਕੋਈ ਤੀਰਾਂ ਨਾਲ ਵਿੰਨ੍ਹਿਆਂ ਸੇਹ ਵਾਂਙੂ ਪ੍ਰੋਤਾ ਪਿਆ ਹੈ। ਕੋਈ ਸੇਲ੍ਹੇ ਨਾਲ ਘਾਇਲ ਹੋ ਤਨ ਤੋੜਦਾ ਪਿਆ ਹੈ। ਕੋਈ ਬੇਸੁਧ ਹੈ, ਅੱਖਾਂ ਤਾੜੇ ਲਗ ਰਹੀਆਂ ਹਨ, ਜਾਨ ਟੁੱਟ ਰਹੀ ਤੇ ਪਿੰਜਰ ਛਡ ਰਹੀ ਹੈ। ਆਹ, ਖਾਲਸੇ ਦੇ ਪਿਤਾ * ਪੁੱਤ੍ਰਾਂ ਦੇ ਇਸ ਦਰਸ਼ਨ ਨੂੰ ਦੇਖ ਰਹੇ ਹੋ* ਹਾਂ, ਗੁਰੂ ਗੋਬਿੰਦ ਸਿੰਘ * ਏਹ ਤੇਰੇ ਸ਼ੋਰੀ ਪੁਤ੍ਰ ਹਨ, ਬੇਦਾਵੇ ਵਾਲੇ ਪੁਤ੍ਰਾਂ ਦਾ ਏਹ ਹਾਲ ਹੈ ਦਾਹਵੇਦਾਰਾਂ ਦੀ ਕਰਨੀ ਦਾ ਕੌਣ ਅੰਦਾਜ਼ਾ ਕਰੇ? ਏਹ ਤੇਰੇ ਓਹ ਪੁਤ੍ਰ ਹਨ ਜੋ ਪਿੱਛੇ ਹਟ ਹਟਕੇ ਅੱਗੇ ਵਧੇ ਹਨ। ਵੇਖੋ ਗੁਰੂ ਇਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ। ਜਿਸਨੇ ਚਮਕੌਰ ਤਨ ਦੇ ਜਾਏ ਅੱਖਾਂ ਅੱਗੇ ਕੁਹਾਏ ਤੇ ਅੱਖੀਂ ਨੀਰ ਨਹੀਂ ਭਰਿਆ, ਅੱਜ ਦੇਖੋ ਉਸ ਪਿਤਾ ਜੀ ਨੇ ਨੈਣ ਭਰ ਲਏ ਹਨ* ਔਹ ਦੇਖੋ ਮਹਾਂ ਜੋਧਾ ਮੂਰਤੀ ਕਿਸ ਤਰ੍ਹਾਂ ਦ੍ਰਵੀ ਹੈ, ਕਿਵੇਂ ਇਕ ਸੀਸ ਉਤੇ ਝੁਕੇ ਹਨ, ਗਰਦ ਪੂੰਝੀ ਹੈ, ਮੱਥਾ ਚੁੰਮਿਆ ਹੈ ਤੇ ਆਖਿਆ, "ਮੇਰਾ ਚੀਤਾ"। ਔਹ ਦੇਖੋ, ਇਕ ਤੀਰ ਵਿੱਧੀ ਲੋਥ ਦਾ ਸੀਸ ਗੋਦ ਵਿਚ ਲੈ ਕੇ ਨੈਣ ਭਰ ਆਏ, ਦੈਵੀ ਸੋਮੇ ਅੱਖਾਂ ਤੋਂ ਤ੍ਰੱਪ ਤ੍ਰੱਪ ਕਿਰੇ ਅਰ ਤ੍ਰੀਹ ਹਜ਼ਾਰੀ ਦੀਆਂ ਗਲ੍ਹਾਂ ਤੇ ਪਏ। ਓ ਸਿੱਖ ਪਿਆਰੇ ਸਿੱਖ* ਦੇਖ, ਤੂੰ ਮਰ ਕੇ ਨਿਹਾਲ ਹੋ ਗਿਆ। ਐਉਂ ਉਤਾਵਲੇ ਕਾਹਲੇ ਕਾਹਲੇ ਹਰ ਸੀਸ ਨੂੰ ਪਿਆਰ ਤੇ ਵਰਦਾਨ ਦੇਂਦੇ ਵਧਦੇ ਚਲੇ ਗਏ ਕਿ ਇਕ ਸਿਸਕਦਾ ਸੀਸ ਮਿਲਿਆ। ਸਿਰਹਾਣੇ ਬਹਿ ਗਏ, ਸੀਸ ਗੋਦ ਵਿਚ ਲੈ ਲਿਆ, ਆਪਣੇ ਰੁਮਾਲ ਨਾਲ ਮੂੰਹ ਪੂੰਝਿਆ, ਲਬਾਂ ਆਪ ਖੁਹਲੀਆਂ, ਪਾਣੀ ਮੂੰਹ ਵਿਚ ਚੋਇਆ, ਇਕ ਘੁੱਟ ਲੰਘ ਗਿਆ। ਦੂਸਰਾ ਹੋਰ ਚੋਇਆ, ਇਹ ਬੀ ਲੰਘ ਗਿਆ, ਹੋਰ ਤ੍ਰੈ ਘੁੱਟ ਪਾਏ ਸਾਰੇ ਲੰਘ ਗਏ। ਨੈਣ ਖੁੱਲ੍ਹ ਆਏ, ਹੋਸ਼ ਪਰਤ ਆਈ, ਆਸ ਉੱਠਣ ਦੀ ਨਹੀਂ, ਪਰ ਕੁਛ ਚਿਰ ਵਿਚ ਜੀਭ ਵਿਚ ਬੋਲਣ ਦਾ ਤਾਣ ਆ ਗਿਆ: ਆਹ, ਮੇਰੇ ਕਲਗੀਧਰ ਪਿਤਾ* ਹਾਂ, ਮੇਰਾ ਪਿਤਾ ਮੈਨੂੰ ਗੋਦ ਵਿਚ ਲਈ ਮੇਰੇ ਵੱਲ ਤੱਕ ਰਿਹਾ ਹੈ, ਕੋਈ ਕੋਈ ਨੈਣਾਂ ਦਾ ਮੋਤੀ ਮੇਰੇ ਉਤੇ ਡੁੱਲ੍ਹ ਰਿਹਾ ਹੈ। ਆਹ, ਸਤਿਗੁਰ ਬਖਸ਼ਿੰਦ ਬਾਪੂਆ* ਆਹ, ਪਾਪੀਆਂ ਦੇ ਬੇਲੀਆ, ਬੇਮੁਖਾਂ ਦੇ ਰਾਖਿਆ, ਧੰਨ ਤੂੰ* ਇਹ ਕ੍ਰਿਪਾ* ਮੇਰਾ ਅੰਤ ਸਫ਼ਲ ਹੋ ਗਿਆ, ਤੈਂ ਦਰਸ਼ਨ ਦਿਤੇ।

**ਕਲਗੀਧਰ–** ਮੈਂ ਸਿਆਣ ਲੀਤਾ ਹੈ, ਬੱਚਾ ਮਹਾਂ ਸਿੰਘ* ਮੰਗ, ਕੁਝ ਮੰਗ, ਵੇਲਾ ਥੋੜਾ ਹੈ, ਮੰਗ, ਮੈਂ ਦਿਆਂ ਤੇ ਮੇਰੀ ਛਾਤੀ ਠਰੇ ਜੋ ਪੁੱਤ੍ਰ ਦੀ ਮੈਂ ਮੰਗ ਪੂਰੀ ਕੀਤੀ ਹੈ, ਬੱਚਾ ਮੰਗ। ਮਹਾਂ ਸਿੰਘ ਨੇ ਇਸ ਵੇਲੇ ਕੰਬਦੇ ਹੱਥ ਕਠੇ ਕਰਕੇ ਜੋੜੇ ਤੇ ਕਿਹਾ ਟੁੱਟੀ ਗੰਢੋ। ਸਤਿਗੁਰੂ ਨੇ ਕਿਹਾ ਕੁਛ ਆਪਣੇ ਲਈ ਮੰਗ। ਮਹਾਂ ਸਿੰਘ ਨੇ ਕਿਹਾ: ਪੰਥ ਲਈ, ਵੀਰਾਂ ਲਈ, ਮੇਰੇ ਵਰਗੇ ਖਰੂਦੀ ਪੁੱਤਰਾਂ ਲਈ ਦਾਨ ਦੇਹੁ, ਦਾਨ ਦੇਹੁ, ਦਾਨ ਦੇਹੁ ਟੁੱਟੀ ਗੰਢੋ, ਟੁੱਟੀ ਗੰਢੋ, ਟੁੱਟੀ ਗੰਢੋ। ਸਤਿਗੁਰੂ ਦੇ ਨੈਣ ਇਸ ਵੇਲੇ ਵਾਤਸਲ ਰਸ ਤੇ ਸਿਖ ਦੇ ਸਿਖੀ ਪ੍ਰੇਮ ਨਾਲ ਉੱਛਲ ਆਏ। ਅਚਰਜ ਮਿਹਰਾਂ ਨਾਲ ਤੱਕ ਰਹੇ ਸਨ ਕਿ ਮਹਾਂ ਸਿੰਘ ਦੇ ਮਿਟਦੇ ਨੈਣ ਫੇਰ ਖੁਲ੍ਹੇ, ਫੇਰ ਬੋਲਿਆ: ਸਾਡਾ ਲਿਖਿਆ ਕਾਗਦ, ਭੈੜਾ ਕਾਗਦ ਪਾੜ ਦਿਓ। ਸਤਿਗੁਰ ਨੇ ਉਹ ਕਾਗਜ਼ ਜੇਬੇ ਵਿਚੋਂ ਕੱਢਿਆ, ਮਹਾਂ ਸਿੰਘ ਨੂੰ ਦਿਖਾਇਆ, ਸਤਿਗੁਰ ਨੇ ਕਾਗਜ਼ ਫਾੜਿਆ, ਟੁੱਕੜੇ ਟੁਕੜੇ ਕੀਤਾ, ਟੁਕੜੇ ਹਵਾ ਵਿਚ ਉਡਾ ਦਿਤੇ।



ਆਖਿਆ ਲੈ ਮਹਾਂ ਸਿੰਘ, ਟੁੱਟੀ ਗੰਢੀ ਗਈ ਹਾਂ ਜੀ, ਮਹਾਂ ਸਿੰਘ ਨੇ ਦੇਖ ਲਿਆ, ਕਾਗਤ ਪਾਟ ਗਿਆ, ਟੁੱਟੀ ਗੰਢੀ ਗਈ ਤੇ ਸ੍ਰੀ ਮੁਖ ਤੋਂ ਵਾਕ ਹੋਇਆ:-

ਜਾਹੁ ਮਹਾਂ ਸਿੰਘ ਜਹਿ ਮਮਲੋਕ। ਬਸਹੁ ਸਦਾ ਕਥ ਨਹਿ ਤਹਿ ਸ਼ੋਕ। ਦੇ ਕਰ ਪ੍ਰਾਨ ਕੀਨ ਉਪਕਾਰ। ਤਿਸਕੋ ਫਲ ਤੁਹ ਭਇਓ ਅਪਾਰ"।।37।। (ਗੁ:ਪ੍ਰ:ਸੂ:ਐ:1-12)

ਹੁਣ ਮਹਾਂ ਸਿੰਘ ਨੇ ਇਕ ਲੰਮਾ ਸੁਖ ਦਾ ਸਾਹ ਲਿਆ ਤੇ ਨੈਣ ਮੁੰਦ ਲਏ। ਠੰਢੇ ਠੰਢੇ ਨੈਣ-ਅੰਦਰਲੀ ਠੰਢ ਨਾਲ ਸੀਤਲ ਹੋ ਗਏ ਨੈਣ-ਮਿਟ ਗਏ, ਸਦਾ ਲਈ ਮਿਟ ਗਏ, ਪਰ ਖੁਲ੍ਹ ਗਏ ਸਦਾ ਲਈ ਇਸ ਦੇਸ਼ ਦੇ ਦੂਸਰੇ ਪਾਸੇ।



## ਮਾਨਵਤਾ ਦੇ ਮਸੀਹਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

-ਨਿਰਮਲ ਸਿੰਘ



ਸਮੁਚੇ ਵਿਸ਼ਵ ਮਾਨਵ ਜੱਗਤ ਲਈ ਇਹ ਮਾਣ ਵਾਲੀ ਗਲ ਹੈ ਕਿ ਉਸਨੂੰ ਵੱਡੇ ਭਾਗਾਂ ਨਾਲ ਸਾਲ 2021 ਦੇ ਪਹਿਲੇ ਮਹੀਨੇ ਤੋਂ ਹੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 354 ਵਾਂ ਆਗਮਨ ਪੁਰਬ ਮਨਾਉਣ ਦਾ ਅਵਸਰ ਪ੍ਰਾਪਤ ਹੋਇਆ ਹੈ ਅਤੇ ਕੁੱਝ ਮਹੀਨਿਆਂ ਉਪਰੰਤ ਅਪ੍ਰੈਲ 2021 ਨੂੰ ਉਨ੍ਹਾਂ ਦੇ ਪਰਮ-ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 400 ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਵੀ ਪਰਾਪਤ ਹੋਣ ਜਾ ਰਿਹਾ ਹੈ।

ਇਤਿਹਾਸਕਾਰਾਂ ਤੇ ਸਾਹਿੱਤਕਾਰਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਹਿਬ-ਏ-ਕਮਾਲ, ਸੰਤ ਸਿਪਾਹੀ, ਕਲਮ ਤੇ ਤਲਵਾਰ ਦੇ ਧਨੀ, ਕਲਗੀਆਂ ਵਾਲੇ, ਬਾਜਾਂ ਵਾਲੇ, ਅੰਮ੍ਰਿਤ ਕੇ ਦਾਤੇ, ਖਾਲਸਾ-ਸਿਰਜਨਾ ਕਰਨ ਵਾਲੇ, ਸਰਬੰਸ ਦਾਨੀ, ਗਿਆਨ ਦੇ ਅਥਾਹ ਸਮੁੰਦਰ, ਗਰੀਬ ਪਰਿਵਰ ਆਦਿ ਵਿਸ਼ੇਸ਼ਣਾਂ ਨਾਲ ਕਲਮਬਧ ਕੀਤਾ ਹੈ। ਅਜਿਹੇ ਵਰਤੇ ਗਏ ਵਿਲੱਖਣ ਵਿਸ਼ੇਸ਼ਣਾਂ ਦਾ ਮੁੱਖ ਕਾਰਨ ਹੈ ਦਸਮੇਸ਼ ਪਿਤਾ ਦਾ ਕਿਸੇ ਵਿਸ਼ੇਸ਼ ਵਰਗ, ਕਬੀਲੇ ਜਾਂ ਧਰਮ ਆਦਿ ਨਾਲ ਆਪਣੀ ਸ਼ਖ਼ਸੀਅਤ ਨਾਲ ਨ ਜੋੜ ਕੇ ਕੇਵਲ ਜਨ ਕਲਿਆਣ ਦੇ ਦੂਖ ਰੋਗ, ਸੰਤਾਪ ਉਤਾਰਨ ਲਈ ਤਨ, ਮਨ, ਧਨ ਨਾਲ ਅਮਲੀ ਮਦਦ ਕਰਨਾ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਪਰਉਪਕਾਰੀ ਭਾਵਨਾ ਦੇ ਸਨਮੁਖ ਬਿਨਾਂ ਭੇਦ-ਭਾਵ ਤੇ ਊਚ ਨੀਚ ਦੇ ਸਮੁਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣਾ। ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਇਸ ਜੱਗਤ ਵਿਚ ਪ੍ਰਗਟ ਹੋਣ ਦਾ ਉਦੇਸ਼ ਆਪ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਸਪੱਸ਼ਟ ਦਸਦੇ ਹਨ ਕਿ:

**ਹਮ ਇਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।।**<br>
**ਜਹਾਂ ਤਹਾਂ ਤੁਮ ਧਰਮ ਬਿਥਾਰੋ।। ਦੁਸ਼ਟ ਦੋਖੀਅਨ ਪਕਰਿ ਪਛਾਰੋ।।**<br>
**ਯਾਹੀ ਕਾਜ ਧਰਾ ਹਮ ਜਨਮੰ।। ਸਮਝ ਲੇਹੁ ਸਾਧੂ ਸਭ ਮਨਮੰ।।**<br>
**ਧਰਮ ਚਲਾਵਨ ਸੰਤ ਉਬਾਰਨ।। ਦੁਸ਼ਟ ਸਭਨ ਕੋ ਮੂਲ ਉਪਾਰਨ।।**

ਗੌਰਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ 22 ਦੰਸਬਰ 1666 ਈ:ਨੂੰ ਸ੍ਰੀ ਪਟਨਾ ਵਿਖੇ ਜਦੋਂ ਆਗਮਨ ਹੋਇਆ ਤਾਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਨਵਤਾ ਦੇ ਕਲਿਆਣ ਲਈ ਬੰਗਾਲ ਦੇ ਦੌਰੇ ਤੇ ਨਿਕਲੇ ਹੋਏ ਸਨ। ਨੌਵੇ ਗੁਰੂ 1670 ਈ: ਵਿਚ ਪਟਨੇ ਪਹੁੰਚੇ ਤਾਂ ਆਪ ਜੀ ਨੇ ਸਾਢੇ ਚਾਰ ਸਾਲ ਦੇ ਬਾਲ ਗੋਬਿੰਦ ਰਾਏ ਦਾ ਪਹਿਲੀ ਵਾਰ ਮੂੰਹ ਦੇਖਿਆ। ਬਚਪਨ ਤੋਂ ਹੀ ਬਾਲ ਗੋਬਿੰਦ ਰਾਏ ਦੇ ਮਨ ਵਿਚ ਦੂਸਰਿਆਂ ਪ੍ਰਤੀ ਸਤਿਕਾਰ, ਪਿਆਰ-ਭਾਵਨਾ ਸੀ, ਦੀਨ ਦੁਖੀਆਂ ਦਾ ਦੁੱਖ ਨਿਵਾਰਨ ਅਤੇ ਮਦਦ ਕਰਨ ਦੀ ਲਗਨ ਸੀ। ਉਹ ਆਪਣੀ ਸ਼ਕਤੀ ਦਾ ਪ੍ਰਗਟਾਵਾ ਆਪਣੇ ਹਾਣੀਆਂ ਨੂੰ ਇਕੱਠਾ ਕਰਕੇ, ਉਨ੍ਹਾਂ ਦੇ ਆਗੂ ਬਣ ਕੇ,ਖੇਡਾਂ ਖੇਡ ਕੇ ਕਰਿਆ ਕਰਦੇ ਸਨ। ਪਟਿਆਲੇ ਦੇ ਨੇੜੇ ਘੜਾਮ ਪਿੰਡ ਦਾ ਵਸਨੀਕ ਪੀਰ ਭੀਖਨ ਸ਼ਾਹ ਜਦ ਆਪ ਦੇ ਦਰਸ਼ਨ ਕਰਨ ਗਿਆ ਤਾਂ ਨਾਲ ਦੋ ਕੁੱਜੇ ਲੈ ਗਿਆ। ਉਸ ਨੇ ਆਪਣੇ ਮਨ ਵਿਚ ਧਾਰ ਲਿਆ ਕਿ ਇਕ ਕੁੱਜਾ



ਹਿੰਦੂ ਕੌਮ ਦਾ ਹੈ ਤੇ ਇਕ ਮੁਸਲਮਾਨ ਦਾ ਪਰ ਵਾਰੇ ਜਾਈਏ ਉਸ ਹੋਣਹਾਰ ਬਾਲਕ ਗੋਬਿੰਦ ਰਾਏ ਦੇ ਜਿਸ ਨੇ ਜਦੋਂ ਪੀਰ ਭੀਖਨ ਸ਼ਾਹ ਨੇ ਨਾਲ ਲਿਆਂਦੇ ਦੋਹੇਂ ਕੁਜੇ ਬਾਲ ਗੋਬਿੰਦ ਰਾਏ ਦੇ ਸਨਮੁੱਖ ਕੀਤੇ ਤਾਂ ਨੰਨੇ ਬਾਲ ਨੇ ਦੋਹਾਂ ਕੁਜਿਆਂ ਤੇ ਇਕਸਾਰ ਆਪਣੇ ਹੱਥ ਰੱਖ ਕੇ ਪ੍ਰਮਾਣ ਦੇ ਦਿੱਤਾ ਕਿ ਉਸ ਦੇ ਹਿਰਦੇ ਵਿਚ ਹਿੰਦੂ, ਮੁਸਲਮਾਨ ਦੋਹਾਂ ਕੌਮਾਂ ਲਈ ਅਥਾਹ ਸ਼ਰਧਾ, ਸਤਿਕਾਰ ਅਤੇ ਪਿਆਰ ਹੈ। ਬਾਲ ਗੋਬਿੰਦ ਰਾਏ ਦੇ ਇਸ ਸੰਕੇਤ ਕਰਕੇ ਹੀ ਭੀਖਨ ਸ਼ਾਹ ਨੇ ਆਪ ਜੀ ਅੱਗੇ ਸਿਜਦਾ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਆਪਣੇ ਪੁੱਤਰ ਬਾਲ ਗੋਬਿੰਦ ਰਾਏ ਦੀ ਪ੍ਰੇਰਨਾ ਨਾਲ ਧਰਮ ਦੀ ਰੱਖਿਆ ਲਈ 1675 ਈ:ਵਿਚ ਚਾਂਦਨੀ ਚੌਂਕ, ਦਿੱਲੀ ਵਿਖੇ ਆਪਣਾ ਜੀਵਨ ਬਲੀਦਾਨ ਕਰਦਿਆਂ ਸ਼ਹਾਦਤ ਦੇ ਦਿੱਤੀ ਜਦ ਕਿ ਗੁਰੂ ਗੋਬਿੰਦ ਸਿੰਘ ਮਸਾਂ ਨੌ ਵਰ੍ਹਿਆਂ ਦੇ ਸਨ। ਬਚਪਨ ਵਿਚ ਪਿਤਾ ਦਾ ਸਾਇਆ ਸਿਰ ਤੋਂ ਉੱਠ ਜਾਣ ਕਰਕੇ ਗੁਰੂ ਗੋਬਿੰਦ ਸਿੰਘ ਘਬਰਾਏ ਨਹੀਂ ਸਗੋਂ ਸਿਰ ਤੇ ਪਈ ਜ਼ਿੰਮੇਵਾਰੀ ਨੂੰ ਸਿਆਣਪ ਨਾਲ ਨਿਭਾਇਆ।

ਗੁਰੂ ਸਾਹਿਬ ਨੇ ਆਮ ਲੋਕਾਂ ਦੀ ਹਮੇਸ਼ਾ ਮਦਦ ਕੀਤੀ। ਸੰਨ 1702 ਈ: ਵਿਚ ਸਜੇ ਦੀਵਾਨ ਵਿਚ ਇਕ ਵਿਅਕਤੀ ਰੋਂਦਾ ਹੋਇਆ ਆਇਆ ਤੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਉਸ ਦੀ ਸੱਜ ਵਿਆਹੀ ਨਾਰ ਪਠਾਣਾਂ ਨੇ ਖੋਹ ਲਈ ਹੈ ਏਸ ਲਈ ਉਸ ਦੀ ਮਦਦ ਕੀਤੀ ਜਾਵੇ। ਗੁਰੂ ਸਾਹਿਬ ਨੇ ਆਪਣੇ ਸ਼ਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਸਾਰੀ ਗੱਲ ਸਮਝਾਈ ਅਤੇ ਪਠਾਣ ਜਾਬਰ ਖਾਂ ਕੋਲੋਂ ਨਾਰ ਵਾਪਸ ਕਰਾਉਣ ਲਈ ਫੁਰਮਾਨ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਉਸੇ ਸਮੇਂ ਸ਼ਸਤਰਬਧ ਹੋ ਕੇ ਕੁਝ ਸਿੱਖਾਂ ਸਮੇਤ ਬੱਸੀ ਪਠਾਣਾਂ ਪਹੁੰਚੇ ਅਤੇ ਜਾਬਰ ਖਾਂ ਕੋਲੋਂ ਉਸ ਵਿਅਕਤੀ ਦੀ ਨਾਰ ਵਾਪਸ ਦੁਆਈ ਅਤੇ ਜਾਬਰ ਖਾਂ ਦੇ ਇਸ ਮੰਦੇ ਕਰਮ ਕਰਕੇ ਉਸ ਨੂੰ ਕਰੜੀ ਸਜ਼ਾ ਦਿੱਤੀ। ਆਪ ਜੀ ਨੇ 1699 ਈ: ਵਿਚ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਰੇ ਇਕੱਠ ਵਿਚ ਪੰਜ ਪਿਆਰਿਆਂ ਦੀ ਸਥਾਪਨਾ ਵੀ ਊਚ-ਨੀਚ ਦਾ ਭੇਦ ਮਿਟਾਉਣ ਵਾਸਤੇ, ਸਮਸਤ ਜਾਤਾਂ ਨਾਲ ਪਿਆਰ, ਸਤਿਕਾਰ ਦਰਸਾਉਣ ਵਾਸਤੇ ਅਤੇ ਸੰਕਟ ਸਮੇਂ ਇਕ ਦੂਸਰੇ ਦੀ ਸਹਾਇਤਾ ਕਰਨ ਵਾਸਤੇ ਕੀਤੀ। ਇਹ ਪੰਜ ਪਿਆਰੇ ਅਲੱਗ ਅਲੱਗ ਸਥਾਨਾਂ ਤੋਂ ਅਤੇ ਵੱਖੋ ਵਖਰੀਆਂ ਜਾਤਾਂ ਦੇ ਸਨ। ਭਾਈ ਦਇਆ ਰਾਮ ਜੀ ਲਾਹੌਰ ਦੇ ਖੱਤਰੀ, ਭਾਈ ਧਰਮ ਦਾਸ ਜੀ ਦਿੱਲੀ ਦੇ ਜੱਟ, ਭਾਈ ਮੁਹਕਮ ਚੰਦ ਜੀ ਬਿਦਰ ਦੇ ਨਾਈ ਅਤੇ ਭਾਈ ਹਿੰਮਤ ਸਿੰਘ ਜੀ ਜਗਨ ਨਾਥ ਪੁਰੀ ਦੇ ਝਿਊਰ ਅਤੇ ਭਾਈ ਸਾਹਿਬ ਸਿੰਘ ਜੀ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਅਤੇ ਆਪ ਉਨ੍ਹਾਂ ਕੋਲੋਂ ਛੱਕ ਕੇ ਇਸ ਗੱਲ ਦੀ ਮਿਸਾਲ ਕਾਇਮ ਕਰ ਦਿੱਤੀ ਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਮਸਤ ਲੋਕਾਈ ਇਕੋ ਪਰਮਾਤਮਾ ਦੀ



ਰਚਨਾ ਹੈ। ਆਪ ਜੀ ਦਾ ਸਪੱਸ਼ਟ ਮੱਤ ਹੈ ਕਿ ਜੇ ਪਰਮਾਤਮਾ ਦੀ ਕੋਈ ਜਾਤ ਨਹੀਂ ਤਾਂ ਫਿਰ ਉਸ ਦੀ ਔਲਾਦ ਦੀ ਕਿਵੇਂ ਹੋ ਸਕਦੀ ਹੈ। ਗੁਰੂ ਸਾਹਿਬ ਦਾ ਕਥਨ ਹੈ:-

**ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ।।**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।**
**ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ।।**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।।**
**ਏਕੇ ਨੈਨ, ਏਕੇ ਕਾਨ, ਏਕੇ ਦੇਹ, ਏਕੇ ਬਾਨ।।**
**ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।।**
**ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ।।**
**ਏਕ ਹੀ ਸਰੂਪ ਸੋਈ, ਏਕ ਹੀ ਬਨਾਉ ਹੈ।।**

ਗੁਰੂ ਸਾਹਿਬ ਦੇ ਮਨ ਵਿਚ ਮਾਨਵਤਾ ਲਈ ਪਿਆਰ ਸੀ, ਉਨ੍ਹਾਂ ਨੇ ਆਪਣਾ ਸਾਰਾ ਸਰਬੰਸ ਦੇਸ਼ ਦੀ ਆਨ ਤੇ ਸ਼ਾਨ ਬਦਲੇ ਕੁਰਬਾਨ ਕਰ ਦਿੱਤਾ। ਹਿੰਦ ਦੀ ਸ਼ਾਨ ਲਈ ਪਿਤਾ ਵਾਰ ਦਿੱਤਾ, ਦੋ ਪੁੱਤਰ ਸਰਹੰਦ ਦੀਆਂ ਨੀਹਾਂ 'ਚ ਚਿਣਵਾ ਦਿੱਤੇ, ਦੋ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਗਏ, ਮਾਤਾ ਗੁਜਰੀ ਜੀ ਨੇ ਆਪਣਾ ਆਪਾ ਨਿਛਾਵਰ ਕਰ ਦਿੱਤਾ ਪਰ ਧੰਨ ਉਸ ਮਹਾਂਬਲੀ ਦੇ ਜਿਸ ਨੇ ਮੁਗਲ ਜਰਵਾਣਿਆਂ ਅੱਗੇ ਸਿਰ ਨਹੀਂ ਝੁਕਾਇਆ। ਪ੍ਰਸਿੱਧ ਪੰਜਾਬੀ ਸੂਫੀ ਕਵੀ ਬੁਲ੍ਹੇ ਸ਼ਾਹ ਨੇ ਆਪ ਜੀ ਦੀ ਸੂਰਮਗਤੀ ਸਦਕਾ ਠੀਕ ਹੀ ਕਿਹਾ ਹੈ:-

ਨਾ ਕਹੂੰ ਅਬ ਕੀ।।

**ਨਾ ਕਹੂੰ ਜਬ ਕੀ।।**
**ਬਾਤ ਕਹੂੰ ਮੈਂ ਤਬ ਕੀ।।**
**ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ।।**
**ਸੁੰਨਤ ਹੋਤੀ ਸਬ ਕੀ।।**

ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜਿਆਂ ਜਾਂ ਮੁਗਲਾਂ ਨਾਲ ਕੋਈ ਜ਼ਾਤੀ ਦੁਸ਼ਮਣੀ ਨਹੀਂ ਸੀ। ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਦੇ ਹੱਥ ਗੁਰੂ ਸਾਹਿਬ ਨੇ ਜੋ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਭੇਜਿਆ ਉਹ ਇਸ ਗੱਲ ਦਾ ਪ੍ਰਤੀਕ ਹੈ ਜੋ ਕਿ ਔਰੰਗਜ਼ੇਬ ਦੀ ਆਤਮਕ ਮੌਤ ਸੀ।

ਗੁਰੂ ਸਾਹਿਬ ਦਾ ਪਿਆਰ ਤੇ ਵਡੱਤਣ ਸੀ ਕਿ ਜੋ ਸਿੰਘ ਆਨੰਦਪੁਰ ਸਾਹਿਬ ਵਿਖੇ ਭੁੱਖ ਤੋਂ ਲਾਚਾਰ ਹੋ ਕੇ ਆਪ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ ਆਪ ਉਨ੍ਹਾਂ ਕੋਲ ਮੁਕਤਸਰ ਵਿਖੇ ਪਹੁੰਚੇ, ਨਿਮਾਣਿਆਂ ਦੇ ਮਾਣ, ਮਾਨਵਤਾ ਦੇ ਮਸੀਹੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਵਲੋਂ ਭੁੱਲ 'ਚ ਲਿਖਿਆ ਬੇਦਾਵਾ ਮਹਾਂ ਸਿੰਘ ਦੀਆਂ ਅੱਖਾਂ ਸਾਹਮਣੇ ਪਾੜਿਆ ਤੇ ਸਭ ਭੁਲੜਾਂ ਦੀ ਭੁੱਲ ਬਖ਼ਸ਼ੀ। ਗੁਰੂ ਸਾਹਿਬ ਨੂੰ ਸਮੁੱਚੀ ਮਾਨਵ ਜਾਤੀ ਇਕੋ ਪ੍ਰਭੂ ਦੀ ਦਾਤ ਜਾਪਦੀ ਸੀ, ਉਨ੍ਹਾਂ ਦੇ ਮਨ ਵਿਚ ਹਰ ਧਰਮ ਬਾਰੇ ਸ਼ਰਧਾ ਸੀ, ਸਤਿਕਾਰ ਸੀ। ਆਪ ਨੇ ਫੁਰਮਾਇਆ:-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।**
**ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ।।**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।**

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਰੇ ਜੀਵਨ ਵਿਚ ਬੁਰਿਆਈ ਦਾ ਨਾਸ਼ ਕਰਨ ਦੀ ਕੋਸ਼ਿਸ਼ ਕੀਤੀ, ਬੁਰੇ ਨੂੰ ਚੰਗੇ ਕਰਮ ਕਰਨ ਲਈ ਪਰੇਰਨਾ ਦਿੱਤੀ, ਸੰਕਟ ਵਿਚ ਫਸੇ ਨੂੰ ਆਮ ਜੀਵਨ ਧਾਰਾ ਵਿਚ ਲਿਆਏ, ਅਭਿਮਾਨੀਆਂ ਦਾ ਅਭਿਮਾਨ ਤੋੜਿਆ, ਆਪਣੇ ਕਾਰਜਾਂ ਦੁਆਰਾ ਇਹ ਪ੍ਰਤੱਖ ਕਰ ਦਿਖਾਇਆ ਕਿ ਬਦੀ ਤੇ ਹਮੇਸ਼ਾ ਨੇਕੀ ਦੀ ਜਿੱਤ ਹੁੰਦੀ ਹੈ। ਜਜ਼ਬਾਤੀ ਤੌਰ ਤੇ ਲੋਕਾਂ ਦੀ ਭਟਕਣ ਸਮਾਂ ਬੀਤਨ ਨਾਲ ਉਨ੍ਹਾਂ ਨੂੰ ਸਹੀ ਰਸਤੇ ਤੇ ਲਿਆਉਂਦੀ ਹੈ। ਗੁਰੂ ਸਾਹਿਬ ਨੇ ਉਸ ਅਕਾਲ ਪੁਰਖ ਕੋਲੋਂ ਸ਼ੁਭ ਕਰਮ ਕਰਨ ਵਾਸਤੇ ਸ਼ਕਤੀ ਮੰਗੀ:-

**ਦੇਹ ਸਿਵਾ ਬਰ ਮੋਹਿ ਇਹੈ,**
**ਸੁਭ ਕਰਮਨ ਤੇ ਕਬਹੂੰ ਨ ਟਰੋਂ।।**
**ਨਾ ਡਰੋਂ ਅਰ ਸੋਂ ਜਬ ਜਾਇ ਲਰੋਂ,**
**ਨਿਸਚੈ ਕਰ ਆਪਨੀ ਜੀਤ ਕਰੋਂ।।**
**ਅਰ ਸਿਖ ਹੌਂ ਅਪਨੇ ਹੀ ਮਨ ਕੌ,**
**ਇਹ ਲਾਲਚ ਹਉ ਗੁਨ ਤਉ ਉਚਰੋ।।**
**ਜਬ ਆਵ ਕੀ ਆਉਧ ਨਿਦਾਨ ਬਨੈ,**
**ਅਤ ਹੀ ਰਣ ਮੈਂ ਤਬ ਜੂਝ ਮਰੋਂ।।**

ਅਜ ਉਨ੍ਹਾਂ ਦੇ 354 ਵੇਂ ਆਗਮਨ ਦਿਵਸ ਤੇ ਲੋੜ ਹੈ ਸਮੁਚਾ ਮਾਨਵ-ਜਗਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿਚ ਅਮਲੀ ਤੌਰ ਤੇ ਅਪਨਾਵੇ, ਦੂਸਰਿਆਂ ਲਈ ਕੰਮ ਆ ਸਕਣ ਦਾ ਜਜ਼ਬਾ ਦਿਖਾਵੇ ਤੇ ਸਾਰਿਆਂ ਵਿਚ ਸਤਿਕਾਰ ਸਨੇਹ ਪਾਵੇ।





# ਪਰਮ ਸੰਤ ਰਵਿਦਾਸ ਬਾਣੀ ਦੇ ਸਮਾਜਿਕ ਸੰਦਰਭ ਦੀ ਅਜੋਕੇ ਮਾਨਵ ਜੀਵਨ ਵਿਚ ਭੂਮਿਕਾ

-ਡਾ. ਜਸਬੀਰ ਸਿੰਘ ਸਾਬਰ



ਮੈਂ ਪਰਮ ਸੰਤ ਰਵਿਦਾਸ-ਬਾਣੀ ਨੂੰ ਇਕ ਸਾਹਿੱਤ ਸਮੀਖਿਆਕਾਰ ਵਾਂਗ ਪਰਖਣ ਦੀ ਥਾਂ ਜਨ-ਜੀਵਨ ਉੱਤੇ ਇਸ ਦੇ ਪਏ ਪ੍ਰਭਾਵ ਤੇ ਧਿਆਨ ਵਧੇਰੇ ਕੇਂਦਰਤ ਕੀਤਾ ਹੈ ਤਾਂ ਜੋ ਇਸ ਬਾਣੀ ਦੀ ਅਜੋਕੇ ਸਮੇਂ ਮਾਨਵ-ਸਮਾਜ ਵਿਚ ਬਣਦੀ ਸਾਰਥਿਕਤਾ ਦਾ ਬੋਧ ਹੋ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਵਿਦਾਸ-ਬਾਣੀ ਦੇ 40 ਸ਼ਬਦਾਂ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਸਥਾਪਤ ਖੋਜ-ਕੇਂਦਰਾਂ, ਲਾਇਬ੍ਰੇਰੀਆਂ ਅਤੇ ਯੂਨੀਵਰਸਿਟੀਆਂ ਵਿਚ ਸੰਤ ਸਾਹਿੱਤ ਨਾਲ ਸੰਬੰਧਤ ਹੱਥ ਲਿਖਿਤ ਖਰੜਿਆਂ ਵਿਚ ਪਰਮ ਸੰਤ ਰਵਿਦਾਸ ਜੀ ਮਹਾਰਾਜ ਦੇ ਨਾਮ ਹੇਠ ਰਚੇ 50 ਤੋਂ 80 ਤਕ ਸ਼ਬਦ ਅਤੇ 30 ਦੇ ਕਰੀਬ ਦੋਹਰੇ ਪ੍ਰਾਪਤ ਹੁੰਦੇ ਹਨ। ਮੈਨੂੰ 200 ਦੇ ਲਗਭਗ ਅਜਿਹੇ ਹੱਥ ਲਿਖਿਤ ਗ੍ਰੰਥ ਵੇਖਣ ਤੇ ਪਰਖਣ ਦਾ ਅਵਸਰ ਪ੍ਰਾਪਤ ਹੋਇਆ ਹੈ ਜਿਨ੍ਹਾਂ ਨੂੰ ਨਿਰੋਲ ਅਕਾਦਮਿਕ ਜੁਗਤ-ਅਧੀਨ ਸੰਪਾਦਤ ਕਰਕੇ ਅਸੀਂ ਆਪੋ ਆਪਣੀਆਂ ਯੂਨੀਵਰਸਿਟੀਆਂ ਨੂੰ ਦੇ ਦਿਤਾ ਜੋ ਲਗ ਭਗ ਤਿੰਨ ਦਹਾਕੇ ਪਹਿਲਾਂ ਪ੍ਰਕਾਸ਼ਤ ਹੋ ਚੁਕਾ ਹੈ। ਪਰ ਇਨ੍ਹਾਂ ਹੱਥ-ਲਿਖਿਤਾਂ ਵਿਚ ਪ੍ਰਾਪਤ ਰਵਿਦਾਸ-ਬਾਣੀ ਵਿਚ ਇਕਸਾਰਤਾ ਤੇ ਇਕਸੁਰਤਾ ਨਾ ਹੋਣ ਕਾਰਨ ਇਨ੍ਹਾਂ ਦੀ ਪ੍ਰਮਾਣਿਕਤਾ ਸਥਾਪਤ ਨਹੀਂ ਹੋ ਸਕੀ। ਏਸੇ ਲਈ ਹਾਲੇ ਤਕ ਪਰਮ ਸੰਤ ਰਵਿਦਾਸ ਜੀ ਦੀ ਓਸੇ ਬਾਣੀ ਨੂੰ ਨਿਰਵਿਵਾਦ ਪ੍ਰਮਾਣਿਕ ਮੰਨਿਆ ਜਾਂਦਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੰਤ ਨਾਭਾ ਦਾਸ ਜੀ ਦਾ ਮਤ ਵੀ ਏਹੋ ਸੇਧ ਦਿੰਦਾ ਹੈ ਕਿ:

**ਸੰਦੇਹ ਗ੍ਰੰਥ ਖੰਡਨ ਨਿਪੁੰਨ ਬਾਨੀ ਬਿਮਲ ਰੈਦਾਸ ਕੀ ॥**

ਨਿਰਸੰਦੇਹ ਗਿਣਾਤਮਿਕ ਦ੍ਰਿਸ਼ਟੀ ਤੋਂ ਪਰਮ ਸੰਤ ਰਵਿਦਾਸ-ਬਾਣੀ ਬਹੁਤ ਘਟ ਪ੍ਰਤੀਤ ਹੁੰਦੀ ਹੈ ਪਰ ਗੁਣਾਤਮਿਕ ਪਖੋਂ ਇਹ ਬਹੁਤ ਮਹਾਨ ਹੈ ਜਿਸ ਦਾ ਗ੍ਰਹਿ ਸੁਰ, ਮਾਨਵ-ਸਮਾਜ ਦਾ ਹਿਤਕਾਰੀ ਤੇ ਜਨ ਜਨ ਲਈ ਕਲਿਆਣਕਾਰੀ ਹੈ। ਇਸ ਬਾਣੀ ਦੀ ਸਮਾਜਿਕ ਸੰਦਰਭ ਵਿਚ ਸਭ ਤੋਂ ਵੱਡੀ ਵਿਸ਼ੇਸ਼ਤਾ ਅਜੋਕੇ ਪ੍ਰਸੰਗ ਵਿਚ ਇਹ ਆਖੀ ਜਾ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਕਿਸੇ ਇਕ ਵੀ ਸ਼ਬਦ ਵਿਚ ਆਪਣੇ ਆਪ ਨੂੰ ਭਗਵਾਨ, ਈਸ਼ਵਰ ਜਾਂ ਪ੍ਰਭੂ ਨਹੀਂ ਐਲਾਨਿਆ ਸਗੋਂ ਜੇਕਰ ਤਿਲਕਧਾਰੀ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਡੰਡਉਤ ਕੀਤੀ ਤਾਂ ਇਸ ਕਰਾਮਾਤੀ ਕਾਰਜ ਦਾ ਸਾਰਾ ਸਿਹਰਾ ਉਹ ਪਰਮਾਤਮਾ ਨੂੰ ਦਿੰਦਿਆ ਆਪਣੀ ਨਿਮਰਤਾ ਦਾ ਪ੍ਰਗਟਾਵਾ ਕਰਦੇ ਹਨ :

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮਿ ਸਰਣਾਇ ਰਵਿਦਾਸੁ ਦਾਸਾ ॥**

ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1273

ਮੇਰੇ ਵਿਚਾਰ ਅਨੁਸਾਰ ਅਜੋਕੇ ਧਰਮੋ ਸਮਾਜਿਕ ਖੇਤਰ ਵਿਚ ਉਨ੍ਹਾਂ ਦੀ ਇਹ ਅਨੋਖੀ ਤੇ ਵਡਮੁਲੀ ਦੇਣ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਆਪ ਨੂੰ **"ਮੈਂ ਹਉਂ ਪਰਮ ਪੁਰਖ ਕੋ ਦਾਸਾ"** ਆਖਦਿਆਂ ਆਪਣੇ ਸ਼ਰਧਾਲੂ ਸਿਖਾਂ ਨੂੰ ਆਦੇਸ਼ ਦਿਤਾ ਸੀ ਕਿ **"ਜੋ ਮੁਝ ਕੋ ਪਰਮੇਸ਼ਰ ਉਚਰ ਹੈ ਤੇ ਸਭ ਨਰਕ ਕੁੰਡ ਮਹਿ ਪਰ ਹੈ"**। ਜੇਕਰ ਰਵਿਦਾਸ-ਬਾਣੀ ਦੇ ਇਸ ਮੁਦੇ ਨੂੰ ਠੀਕ ਪ੍ਰਸੰਗ ਵਿਚ ਉਭਾਰਿਆ ਜਾਵੇ



ਤਾਂ ਸਮਾਜਿਕ-ਖੇਤਰ ਵਿਚ ਇਕ ਤਾਂ ਇਸ ਨਾਲ ਜਗਿਆਸੂ ਨੂੰ ਅਜੋਕੇ ਵਪਾਰ ਕਰਨ ਵਾਲੇ ਇਛਾਧਾਰੀ ਬਾਬਿਆਂ ਦੇ ਚੁੰਗਲ ਵਿਚ ਫਸਣ ਦੀ ਥਾਂ ਉਸ ਸੱਚੇ ਸੁਚੇ ਪਰਮਾਤਮਾ ਦੀ ਆਰਾਧਨਾ ਕਰਨ ਦੀ ਪ੍ਰੇਰਨਾ ਮਿਲੇਗੀ ਜਿਸਦਾ ਜ਼ਿਕਰ ਪਰਮ ਸੰਤ ਰਵਿਦਾਸ-ਬਾਣੀ ਵਿਚ ਵਿਆਪਕ ਰੂਪ ਵਿਚ ਮਿਲਦਾ ਹੈ। ਦੂਜਾ ਉਸ ਸੰਪ੍ਰਦਾਇਕ ਅੰਧ ਵਿਸ਼ਵਾਸ਼ ਤੋਂ ਵੀ ਜਨ ਸਾਧਾਰਨ ਨੂੰ ਨਿਜ਼ਾਤ ਮਿਲੇਗੀ ਜੋ ਮਾਨਵ-ਸਮਾਜ ਨੂੰ ਦੀਮਕ ਵਾਂਗ ਚੰਬੜਿਆ ਹੋਇਆ ਹੈ। ਅਜਿਹਾ ਜਤਨ ਹੀ ਮਾਨਵ- ਸਮਾਜ ਦੀ ਚੇਤਨਾ ਨੂੰ

**ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥**

**ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਉਕਤ, 1245**

ਦੇ ਮਾਰਗ ਦਾ ਪਾਂਧੀ ਬਣਨ ਦੀ ਪ੍ਰੇਰਨਾ ਦੇ ਸਕਦਾ ਹੈ।

ਜੇਕਰ ਪਰਮ ਸੰਤ ਰਵਿਦਾਸ-ਬਾਣੀ ਦੇ ਸਮਾਜਿਕ ਸੰਦਰਭ ਦਾ ਵਿਸ਼ਾਲ ਹਿਰਦਾ ਰਖਦਿਆਂ ਇਮਾਨਦਾਰੀ ਨਾਲ ਇਸ ਦਾ ਠੀਕ ਪ੍ਰਸੰਗ ਵਿਚ ਅਧਿਐਨ ਕੀਤਾ ਜਾਵੇ ਤਾਂ ਇਹ ਤੱਥ ਸਪੱਸ਼ਟ ਰੂਪ ਵਿਚ ਉਭਰਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਦੇ ਰਹੱਸਵਾਦੀ ਅਨੁਭਵ ਨਾ ਤਾਂ ਕਿਸੇ ਵਿਸ਼ੇਸ਼ ਵਰਗ-ਸੀਮਾਂ ਤਕ ਸੀਮਤ ਹਨ ਅਤੇ ਨ ਹੀ ਕਿਸੇ ਵਿਸ਼ੇਸ਼ ਵਰਗ ਲਈ ਉਲਾਰ ਹੀ ਹਨ। ਅਸਲ ਵਿਚ ਇਹ ਸਰਬ ਵਿਆਪੀ ਅਤੇ ਸਮੁਚੇ ਮਾਨਵ-ਸਮਾਜ ਲਈ ਹਨ। ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਨਿਵੇਕਲੇ ਧਰਮ-ਸ਼ਾਸ਼ਤਰ ਦਾ ਨਿਰਮਾਣ ਕਰਨ ਵਾਲੇ ਵੀ ਨਹੀਂ ਜਾਪਦੇ ਸਗੋਂ ਇਹ ਉਨ੍ਹਾਂ ਕਰੁਣਾਮਈ ਭਾਵਾਂ ਦਾ ਪ੍ਰਗਟਾਉ ਲਗਦੇ ਹਨ ਜੋ ਜਨ-

ਮਾਨਸ ਦੀ ਪੀੜ੍ਹਾ ਕਾਰਨ ਉਨ੍ਹਾਂ ਦੇ ਮਨ-ਮੰਦਰ ਵਿਚ ਪਨਪ ਰਹੇ ਸਨ। ਦਰਅਸਲ ਪਰਮ ਸੰਤ ਰਵਿਦਾਸ ਬਾਣੀ ਨੂੰ ਪੜ੍ਹ ਕੇ, ਸੁਣ ਕੇ ਮਾਨਵ-ਸੋਚ ਨੂੰ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਆਪ ਜੀ ਦੇ ਸਮਕਾਲੀ ਸਮਾਜ ਵਿਚ ਵਿਦੇਸ਼ੀ ਮੂਲ ਦੇ ਅਜਿਹੇ ਸ਼ਾਸਕ ਸਨ ਜਿਨ੍ਹਾਂ ਦੀਆਂ ਰੁਚੀਆਂ ਸਨ ਜ਼ਾਲਮਾਨਾ। ਠਾਕਰਾਂ ਦਾ ਸੁਭਾਅ ਸੀ ਨਿਰਦਈ ਤੇ ਮਾਲਕਾਨਾ ਅਤੇ ਪੁਜਾਰੀ ਵਰਗ, ਕਰਮਕਾਂਡਾਂ ਵਿਚ ਬਝ ਕੇ ਹੰਕਾਰ ਨਾਲ ਨਕੋ ਨਕ ਭਰਿਆ ਪਿਆ ਸੀ। ਇਹ ਅਜਿਹੇ ਵਰਗ ਸਨ ਜਿਨ੍ਹਾਂ ਦੀ ਹੁਕਮ ਅਦੂਲੀ ਕਰਨ ਵਾਲੇ ਦਾ ਸਿਰ ਕਲਮ ਕਰ ਦਿੱਤਾ ਜਾਂਦਾ ਸੀ। ਨਿਰਸੰਦੇਹ ਹਾਕਮ ਤੇ ਪੁਜਾਰੀ ਵਰਗ ਗਿਣਤੀ ਪਖੋਂ ਘਟ ਸੀ ਅਤੇ ਜਨ ਸਾਧਾਰਨ ਵੱਧ। ਪਰ ਸ਼ਾਸ਼ਕ ਵਰਗ ਜਿੱਥੇ ਸ਼ਸਤਰਧਾਰੀ, ਧਨਵਾਨ ਤੇ ਬਲਵਾਨ ਸੀ ਓਥੇ ਜਨ ਸਾਧਾਰਨ ਆਪਣੀ ਸ਼ਕਤੀ ਤੋਂ ਹੀ ਅਨਜਾਣ ਸੀ। ਇਸ ਦੇ ਬਾਵਜ਼ੂਦ 1433 ਬਿਕਰਮੀ ਸੰਮਤ ਨੂੰ ਬਨਾਰਸ ਵਿਚ ਮਰੇ ਪਸ਼ੂਆਂ ਨੂੰ ਢੋਣ ਅਤੇ ਖਲ ਉਤਾਰਨ ਵਾਲੇ ਸ਼ੂਦਰ ਵਰਗ ਦੇ ਪਰਿਵਾਰ ਵਿਚ ਪਰਗਟ ਹੋਏ ਪਰਮ ਸੰਤ ਰਵਿਦਾਸ ਜੀ ਨੇ ਹੱਕ, ਸੱਚ ਅਤੇ ਇਨਸਾਫ ਦੀ ਗਲ ਕਰਨ ਸਮੇਂ ਨਾ ਤਾਂ ਸਮੇਂ ਦੇ ਹਾਕਮਾਂ ਦਾ ਡਰ ਹੀ ਮੰਨਿਆ ਅਤੇ ਨਾ ਹੀ ਪੁਜਾਰੀ ਵਰਗ ਦੇ ਫਤਵਿਆਂ ਦੀ ਪ੍ਰਵਾਹ ਹੀ ਕੀਤੀ। ਉਨ੍ਹਾਂ ਦੇ ਇਸ ਪੈਂਤੜੇ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਕੋਲ ਨਾ ਤਾਂ ਕੋਈ ਹਾਥੀ ਘੋੜੇ ਸਨ ਅਤੇ ਨਾਂ ਹੀ ਕੋਈ ਅਜੋਕੇ ਅਮਰੀਕੀ ਡਰੋਨ ਰਾਕਟ, ਏ. ਕੇ. 47 ਵਰਗੇ ਮਾਰੂ ਹਥਿਆਰ ਅਤੇ ਨਾ ਹੀ ਗੁਰੀਲਾ ਢੰਗ ਦੀ ਲੜਾਈ ਲੜਨ ਵਾਲੀ ਕੋਈ ਸਿਖਿਅਤ ਫੌਜ ਪਰ ਆਪ ਜੀ ਨੇ ਜਿਸ ਢੰਗ ਤੇ ਦਲੇਰੀ ਨਾਲ ਨਿਰਭਉ ਤੇ ਨਿਰਵੈਰ ਭਾਵਨਾ ਅਧੀਨ ਪ੍ਰਚਲਤ ਗੁਮਰਾਹ ਕਰਨ ਵਾਲੇ ਫੋਕੇ ਕਰਮ ਕਾਡਾਂ ਨੂੰ ਨਕਾਰਿਆ ਅਤੇ ਮਾਨਵ ਜੀਵਨ ਨੂੰ ਸੁਚਜੀ ਸੇਧ ਦੇਣ ਵਾਲੇ ਨੈਤਿਕ ਵਿਧਾਨ ਨੂੰ ਉਸਾਰਿਆ ਹੈ ਉਹ ਜੁਗਤ ਕਮਾਲ ਦੀ ਹੈ। ਉਨ੍ਹਾਂ ਦੀ ਹਰ ਗੱਲ, ਤਰਕ 'ਤੇ ਆਧਾਰਤ ਹੈ ਅਤੇ ਇਸ ਤਰਕ ਸਮੇਂ ਵੀ ਆਪ ਜੀ ਸੰਵਾਦ-ਸ਼ੈਲੀ ਨੂੰ ਅਪਨਾਉਂਦੇ ਹਨ। ਵਿਸ਼ੇਸ਼ਤਾ ਇਹ ਹੈ ਕਿ ਅਜਿਹੇ 'ਸੰਵਾਦ ਸਮੇਂ ਵੀ ਆਪ ਜੀ ਦਾ ਰੁਖ ਡਿਕਟੇਟਰਾਂਨਾ ਨਹੀਂ ਸਗੋਂ ਆਪ ਜੀ ਪਹਿਲੋਂ ਦੂਜੇ ਦੀ ਗੱਲ ਸੁਣਦੇ ਹਨ, ਸਮਝਦੇ ਹਨ ਅਤੇ ਫੇਰ ਆਪਣੀ ਗਲ ਕਹਿੰਦੇ ਹਨ ਤੇ ਸਮਝਾਉਂਦੇ ਹਨ। ਹਾਲਾਂ ਕਿ ਆਪ ਜੀ ਇਸ ਤੱਥ ਤੋਂ ਭਲੀਭਾਂਤ ਜਾਣੂ ਸਨ ਕਿ ਉਨ੍ਹਾਂ ਦਾ ਪਰਿਵਾਰ ਤੇ ਭਾਈਚਾਰਾ ਗੁਰਬਤਿ ਦਾ ਜੀਵਨ ਜਿਉਂ ਰਿਹਾ ਹੈ ਜਿਸ ਨੂੰ ਹਰ ਕੋਈ ਹਾਸਾ ਮਜ਼ਾਕ ਕਰਦਾ ਹੈ:

**ਦਾਰਿਦੁ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ ॥ ਉਕਤ**, 875

ਪਰ "**ਮੋਹਿ ਆਧਾਰ ਨਾਮ ਨਾਰਾਇਣ**" ਕਾਰਨ ਉਨ੍ਹਾਂ ਦੀ ਅੰਤਰ ਆਤਮਾ, ਅੰਤਾਂ ਦੀ ਅਮੀਰ ਹੋ ਚੁੱਕੀ ਸੀ ਜਿਸ ਕਰਕੇ ਉਨ੍ਹਾਂ ਨੇ ਨਾ ਕੇਵਲ ਆਪਣੀ ਸੋਚ-ਸ਼ਕਤੀ ਨੂੰ ਹੀ ਸ਼ਕਤੀਸ਼ਾਲੀ ਬਣਾਇਆ ਸਗੋਂ ਆਪਣੇ ਵਰਗ ਦੀ ਚੇਤਨਾ ਵਿਚ ਵੀ ਆਤਮਿਕ ਬਲ ਪੈਦਾ ਕਰਦਿਆਂ ਉਸ ਨੂੰ ਆਪਣੇ ਨਾਲ ਖੜ੍ਹਾ ਕਰ ਲਿਆ ਭਾਵ ਤੋੜਨ ਦੀ ਥਾਂ ਜੋੜਨ ਦੀ ਜੁਗਤ ਅਪਨਾਈ। ਆਪ ਜੀ ਦੀ ਬਾਣੀ ਦੇ ਸਮਾਜਿਕ ਸੰਦਰਭ ਦੀ ਵਿਸ਼ੇਸ਼ਤਾ ਹੀ ਇਸ ਤੱਥ ਵਿਚ ਹੈ ਕਿ ਇਸ ਵਿਚ ਪ੍ਰੇਮ-ਪਿਆਰ ਦੀ ਸੁਰ ਗੂੰਜਦੀ ਹੈ। ਅਜੋਕੇ ਯੁਗ ਵਾਂਗ ਇਹ ਆਪਣੇ ਭਾਈਚਾਰੇ ਨੂੰ ਨਾ ਤਾਂ ਧਰਨੇ ਲਾਉਣ ਦੀ ਪ੍ਰੇਰਨਾ ਦਿੰਦੇ ਹਨ, ਨਾ ਜਲਸੇ ਜਲੂਸ ਕਢਣ ਲਈ ਉਕਸਾਉਂਦੇ ਹਨ ਅਤੇ ਨਾ ਹੀ ਸਾੜ ਫੂਕ, ਭੰਨ ਤੋੜ ਲਈ ਭੜਕਾਉਂਦੇ ਹਨ। ਆਪ ਜੀ ਦੀ ਬਾਣੀ ਵਿਚ ਇਕਸਾਰ ਪ੍ਰੇਮ-ਸੰਗੀਤ ਦੀਆਂ ਸੁਰ ਲਹਿਰੀਆਂ ਸੁਣਾਈ ਦਿੰਦੀਆਂ ਹਨ। ਏਥੋਂ ਤਕ ਕਿ ਆਪ ਜੀ ਉਸ ਸਾਸ਼ਕ ਅਤੇ ਪੁਜਾਰੀ ਵਰਗ ਪ੍ਰਤੀ ਵੀ ਕੋਈ ਕੌੜੀ ਭਾਵਨਾ ਵਾਲਾ ਵਿਚਾਰ ਨਹੀਂ ਪ੍ਰਗਟਾਉਂਦੇ ਜਿਸਦੀਆਂ ਸੰਕੀਰਨ ਅਤੇ ਕਟੜਵਾਦੀ ਰੁਚੀਆਂ ਕਾਰਨ, ਜਨ-ਸਾਧਾਰਨ ਸੰਤਾਪ ਭੋਗ ਰਿਹਾ ਸੀ। ਏਹੋ ਕਾਰਨ ਹੈ ਕਿ ਪ੍ਰੇਮ-ਜੁਗਤ ਅਧੀਨ ਕਹੀ ਗਈ ਆਪ ਜੀ ਦੀ ਗੱਲ ਨੂੰ ਸਮੇਂ ਦੇ ਹਾਕਮ ਤੇ ਪੁਜਾਰੀ ਵਰਗ ਨੇ ਸੁਣਿਆ ਵੀ ਅਤੇ ਮੰਨਿਆ ਵੀ।

ਪਰਮ ਸੰਤ ਰਵਿਦਾਸ ਜੀ ਦੀ ਬਾਣੀ ਵਿਚਲਾ ਪ੍ਰਭੂ ਦੀ ਸਰਬ-ਵਿਆਪਕਤਾ ਦਾ ਸਿਧਾਂਤ ਕਿ '**ਸਰਬੇ ਏਕ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ**' ਨੇ ਮਾਨਵ ਚੇਤਨਾ ਵਿਚ ਇਹ ਗਲ ਦ੍ਰਿੜ ਕਰ ਦਿਤੀ ਕਿ ਹਰ ਮਾਨਵ, ਨਿਰਗੁਣ ਨਿਰਾਕਾਰ ਦੀ ਸ਼ਾਹਕਾਰ ਰਚਨਾ ਹੈ ਅਤੇ ਉਹ ਖੁਦ ਇਸ ਨੂੰ ਭੋਗ ਰਿਹਾ ਹੈ। ਉਹ ਇਕੋ ਇਕ ਪਰਮਾਤਮਾ ਹੀ ਸਭ ਦਾ ਰਚਨਹਾਰ, ਪਾਲਣਹਾਰ, ਬਖਸ਼ਨਹਾਰ ਅਤੇ ਮਾਰਨਹਾਰ ਹੈ। ਇਸ ਲਈ ਇਸ ਸਚਾਈ ਦੇ ਸਨਮੁਖ ਸੰਸਾਰ ਦਾ ਹਰ ਮਾਨਵ ਇਕ ਸਮਾਨ ਸਤਿਕਾਰ, ਅਧਿਕਾਰ ਤੇ ਪਿਆਰ ਦਾ ਪਾਤਰ ਹੈ। ਆਪ ਜੀ ਦੀ ਬਾਣੀ ਵਿਚ ਜਿਥੇ '**ਪ੍ਰਭੂ ਸਿਮਰਨ**' ਨੂੰ ਸ੍ਰੇਸ਼ਟਤਾ ਪ੍ਰਦਾਨ ਕੀਤੀ ਗਈ ਹੈ ਓਥੇ ਸ਼੍ਰੇਣਿਕ-ਸਮਾਜ ਦਾ ਪ੍ਰਚੰਡ ਰੂਪ ਵਿਚ ਵਿਰੋਧ ਅਤੇ ਸੰਪਰਦਾਇਕਤਾ ਦਾ ਲੜ ਛਡ ਕੇ "**ਜੋ ਹਮਸਹਰੀ ਸੋ ਮੀਤ ਹਮਾਰਾ**" ਦੀ ਮਾਨਵ-ਏਕਤਾ ਵਾਲੀ ਸੁਰ ਵੀ ਗੂੰਜਦੀ ਹੈ। ਉਨ੍ਹਾਂ ਦੀ ਬਾਣੀ ਵਿਚ ਹਾਕਮ ਸ਼ਰੇਣੀ ਤੇ ਪੁਜਾਰੀ ਵਰਗ ਦੇ ਉਸ ਵਿਧੀ ਵਿਧਾਨ ਪ੍ਰਤੀ ਵੀ ਨਕਾਰਤਮਕ ਰੁਖ ਹੈ ਜੋ ਅਮਾਨਵੀ ਅਤੇ ਅਸਮਾਜਿਕ ਕਰਮ-ਕਾਂਡੀ ਮਨੌਤਾਂ ਅਤੇ ਜ਼ਬਰ ਜ਼ੁਲਮ ਦਾ ਪ੍ਰਤੀਕ ਸੀ। ਇਸ ਦਾ ਜ਼ਿਕਰ ਉਨ੍ਹਾਂ ਦੇ ਸ਼ਬਦ '**ਬੇਗਮਪੁਰਾ ਸਹਿਰ ਕੋ ਨਾਉ**' ਵਿਚ ਵਿਆਪਕ ਰੂਪ ਵਿਚ ਦਿਸਦਾ ਹੈ। ਜਿਨ੍ਹਾਂ ਅਲਾਮਤਾਂ ਦਾ ਇਸ ਸ਼ਬਦ ਵਿਚ ਜ਼ਿਕਰ ਹੈ ਉਸ ਤੋਂ ਸਪਸ਼ੱਟ ਸੰਕੇਤ ਮਿਲਦੇ ਹਨ ਕਿ ਇਹ ਵਰਤਾਰਾ ਅਜ ਵਾਂਗ ਉਸ ਸਮੇਂ ਵੀ ਮਾਨਵ-ਸਮਾਜ ਉਤੇ ਭਾਰੂ ਸੀ। ਇਹ ਇਕ ਅਟਲ ਸਚਾਈ ਹੈ ਕਿ ਇਮਾਨਦਾਰੀ ਨਾਲ ਕੀਤਾ ਹਰੇਕ ਧਰਮ ਗ੍ਰੰਥ ਦਾ ਅਧਿਐਨ ਇਹ ਸਿਧ ਕਰਦਾ ਹੈ ਕਿ ਹਰੇਕ ਮਾਨਵ ਦੀ ਸ੍ਰੇਸ਼ਟਤਾ ਤੇ ਨੀਚਤਾ ਦਾ ਮਾਪਦੰਡ ਉਸ ਵਲੋਂ ਕੀਤੇ ਜਾਂਦੇ ਚੰਗੇ ਮੰਦੇ ਕਰਮ ਹੁੰਦੇ ਹਨ ਨਾ ਕਿ ਜਾਤਿ ਤੇ ਊਚ ਨੀਚ। ਸਮੁਚੇ ਰੂਪ ਵਿਚ ਅਜੋਕੇ ਮਾਨਵ ਜੀਵਨ ਨੂੰ ਹਰ ਪੱਧਰ ਤੇ ਸੁਧਾਰਨ ਤੇ ਸ਼ਿੰਗਾਰਨ ਲਈ ਉਨ੍ਹਾਂ ਦੀ ਬਾਣੀ ਵਿਚਲੇ ਹੇਠ ਲਿਖੇ ਤੱਤ ਅਜੋਕੇ ਮਾਨਵ ਜੀਵਨ ਵਿਚ ਵਿਸ਼ੇਸ਼ ਰੂਪ ਵਿਚ ਸਾਰਥਿਕਤਾ ਰਖਦੇ ਲਗਦੇ ਹਨ:

1. **ਅਗਿਆਨ ਮਿਟਾ ਕੇ ਗਿਆਨ ਪ੍ਰਾਪਤ ਕਰਨਾ:** ਗਿਆਨ ਦੀ ਜੁਗਤ ਹੀ ਮਨੁੱਖ ਨੂੰ ਚੰਗੇ ਮੰਦੇ ਦੀ ਸੋਝੀ ਪ੍ਰਦਾਨ ਕਰਦੀ ਹੈ।

**- ਉਪਜਿਓ ਗਿਆਨ ਹੂਆ ਪਰਗਾਸ ॥ ਉਕਤ**, 875

2. **ਹੰਕਾਰ ਗ੍ਰਸਤ ਹੋਣ ਦੀ ਥਾਂ- ਹਉਮੈ ਮੁਕਤ ਹੋਣ ਦੀ ਪ੍ਰੇਰਨਾ**

**-ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂ ਹੀ ਮੈ ਨਾਹੀ ॥**

**- ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ ਉਕਤ**, 974

3. **ਨਫ਼ਰਤ ਦੀ ਥਾਂ ਪ੍ਰੇਮ ਭਾਵਨਾ : ਪ੍ਰੇਮ ਦੀ ਅਥਾਹ ਸ਼ਕਤੀ ਨੇ ਹੀ ਪਰਧਾਨ ਪੰਡਤ ਝੁਕਣ ਲਈ ਮਜ਼ਬੂਰ ਕਰ ਦਿੱਤੇ**

**-ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥ ਉਕਤ**, 1273

**ਆਪ ਜੀ ਦਾ ਵਿਸ਼ਵਾਸ਼ ਹੈਕਿ ਪ੍ਰੇਮ ਦੇ ਬੰਧਨ ਵਿਚ ਤਾਂ ਪਰਮਾਤਮਾ ਵੀ ਬਝ ਜਾਂਦਾ ਹੈ।**

**-ਜਉ ਹਮ ਬਾਧੇ ਮੋਹ ਫਾਸ ਹਮ ਪ੍ਰੇਮ ਬੰਧਨ ਤੁਮ ਬਾਧੇ ॥ ਅਪਨੇ ਛੂਟਨ ਕੋ ਜਤਨ ਕਰਹੁ ਹਮ ਛੂਟੇ ਤੁਮ ਆਰਾਧੇ ॥ ਉਕਤ**, 658

4. **ਸਤਿ ਸੰਗਤਿ ਦੀ ਮਹਾਨਤਾ : ਸਤਿ ਸੰਗਤ ਮਿਲ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥ ਉਕਤ**, 486

5. **ਵਿਵਾਦ ਦੀ ਥਾਂ ਸੰਵਾਦ : ਵੇਖਿਆ ਜਾਇ ਤਾਂ ਸਮੁੱਚਾ ਪਰਮ ਸੰਤ ਰਵਿਦਾਸ ਬਾਣੀ ਦਾ ਰੁਖ ਸੰਵਾਦ ਤੇ ਟਿਕਿਆ ਹੋਇਆ ਹੈ। ਏਥੋਂ ਤਕ ਕਿ ਪ੍ਰਭੂ ਨਾਲ ਗਿਲਾ ਪ੍ਰਗਟਾਉਣ ਸਮੇਂ ਵੀ ਸੰਵਾਦ ਸ਼ੈਲੀ ਹੀ ਵਰਤੀ ਗਈ ਹੈਕਿ:**

**-ਦਾਰਿਦ ਦੇਖ ਸਭ ਕੋ ਹਸੈ ਐਸੀ ਦਸਾ ਹਮਾਰੀ ॥ ਉਕਤ**, 525

**ਫਰਕ ਵੀ ਕੀ ਹੈ:**

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ ਉਕਤ**, 93

6. **ਕਰਮ ਕਾਂਡ ਦੀ ਥਾਂ ਸਚੀ ਪ੍ਰੀਤ :**

**-ਦੂਧ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ਉਕਤ**, 1329

**ਇਸ ਲਈ ਮੈਂ ਤਾਂ -ਤਨੁ ਮਨੁ ਅਰਪਉ ਪੂਜ ਚਰਾਵਉ ॥ਉਕਤ**, 525

7. **ਹਰ ਖੇਤਰ ਵਿਚ ਕਾਰਜ ਕਰਨ ਦੀ ਸੁਤੰਤਰਤਾ ਅਤੇ ਕਿਰਤ ਦੀ ਪਿਰਤ : ਆਪ ਜੀ ਨੇ ਖ਼ੁਦ ਦਸਾ ਨਹੁੰਆਂ ਦੀ ਕਿਰਤ ਕੀਤੀ ਏਸੇ ਲਈ ਗੰਗਾ ਮਈਆ ਨੇ ਆਪ ਜੀ ਵਲੋਂ ਭੇਜੀ ਦਮੜੀ ਨੂੰ ਖ਼ੁਦ ਆਪ ਸਵੀਕਾਰ ਕੀਤਾ।**

**-ਬੇਗਮਪੁਰਾ ਸਹਰ ਕੋ ਨਾਉ ॥ ਉਕਤ**, 345

8. **ਅਨੈਤਿਕਤਾ ਨਾਲ ਧਨ ਇਕਠਾ ਕਰਨ ਦਾ ਵਿਰੋਧ**

**-ਸੰਪਤਿ ਬਿਪਤਿ ਪਟਲ ਮਾਇਆ ਧਨ ॥ ਤਾ ਮਹਿ ਮਗਨ ਹੋਤ ਨ ਤੇਰੋ ਜਨ ॥ ਉਕਤ**, 486

9. **ਨਸ਼ਿਆਂ ਤੇ ਨਿੰਦਾ ਦਾ ਵਿਰੋਧ :**

**-ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥ ਉਕਤ**, 1293

**-ਕਰੈ ਨਿੰਦ ਸਭ ਬਿਰਥਾ ਜਾਵੈ ॥ ਉਕਤ**, 875

10. **ਗੁਸੇ ਦੀ ਥਾਂ ਦਇਆਵਾਨ ਦ੍ਰਿਸ਼ਟੀ ਰਖਣੀ:**

**- ਕਹਿ ਰਵਿਦਾਸ ਉਦਾਸ ਦਾਸ ਮਤਿ ਪਰ ਹਰਿ ਕੋਪ ਕਰਹੁ ਜੀਅ ਦਇਆ ॥ ਉਕਤ**, 658

11. **ਚੰਗੇਰੇ ਕਾਰਜ ਕਰਨ ਦੀ ਸਲਾਹ:**

**- ਕਹੁ ਰਵਿਦਾਸ ਭਇਓ ਜਬ ਲੇਖੋ ॥ ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥ ਉਕਤ**, 1293

ਇਸ ਲਈ ਵਿਸ਼ਵ ਪੱਧਰ ਤੇ ਵਾਪਰ ਰਹੀ ਅਜੋਕੀ ਵਿਸਫੋਟਕ ਸਥਿਤੀ ਵਿਚ ਸੁਧਾਰ ਲਿਆਉਣ ਲਈ ਕਰਮ ਯੋਗੀ ਪਰਮ ਸੰਤ ਰਵਿਦਾਸ ਜੀ ਵਰਗੇ ਪਾਵਨ ਪਵਿਤਰ ਮਹਾਂਪੁਰਸ਼ਾਂ ਦੀ ਬਾਣੀ ਵਿਚਲੇ ਸਮਾਜਿਕ ਸੰਦਰਭ ਦੀ ਅਜੋਕੇ ਮਾਨਵ-ਜੀਵਨ ਵਿਚ ਭੂਮਿਕਾ ਨਿਗਰ ਯੋਗਦਾਨ ਪਾਉਣ ਵਾਲੀ ਹੈ। ਲੋੜ ਹੈ ਕੇਵਲ ਇਸਨੂੰ ਵਿਵਹਾਰਕ ਰੂਪ ਦੇਣ ਦੀ ਅਜਿਹੀ ਜੁਗਤ ਹੀ ਮਾਨਵ-ਸੋਚ ਵਿਚੋਂ ਨਿਜਵਾਦ, ਨਿਜਲਾਭ ਅਤੇ ਸੰਕੀਰਨਤਾ ਨੂੰ ਮਨਫ਼ੀ ਕਰਕੇ ਵਿਸ਼ਵ ਪੱਧਰ ਤੇ ਉਸਾਰੂ ਰੁਚੀਆਂ ਵਾਲੇ ਉਸ ਮਾਨਵ-ਸਮਾਜ ਦਾ ਨਿਰਮਾਣ ਕਰ ਸਕਦੀ ਹੈ ਜਿਸ ਦੀ ਰੂਪ ਰੇਖਾ ਪਰਮ ਸੰਤ ਰਵਿਦਾਸ-ਬਾਣੀ ਦੇ ਉਪਰਕੋਤ 11 ਨੁਕਤਿਆਂ ਵਿਚ ਖਾਸ ਕਰਕੇ ਅਤੇ "**ਬੇਗਮਪੁਰਾ ਸਹਰ ਕੋ ਨਾਉ**" ਵਾਲੇ ਸ਼ਬਦ ਵਿਚ ਵਿਸ਼ੇਸ਼ ਰੂਪ ਤੌਰ ਤੇ ਉਲੀਕੀ ਗਈ ਹੈ।



# ਮੁਕਤੀ ਦਾ ਤਾਲ ਗੁ. ਮੁਕਤਸਰ



ਮੁਕਤੀ ਦਾ ਤਾਲ ਗੁ. ਮੁਕਤਸਰ ਸਾਹਿਬ

ਬੇਦਾਵਾ' ਉਰਦੂ-ਫ਼ਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਕਿਸੇ ਦਾਅਵੇ ਦਾ ਤਿਆਗ। ਕਿਸੇ ਮਲਕੀਅਤ ਜਾਂ ਹਕੂਕ ਤੋਂ ਬੇਦਖ਼ਲ ਕਰਨਾ। ਭਾਸ਼ਾ ਦੇ ਅਰਥ-ਵਿਸਥਾਰ ਅਨੁਸਾਰ ਅੱਜ ਕਲ ਇਸ ਦੇ ਅਰਥ ਕਿਸੇ ਨੂੰ ਪਿੱਠ-ਵਖਾਉਂਣਾ, ਮਦਦ ਕਰਨ ਸਮੇਂ ਐਨ ਮੌਕੇ ਤੇ ਖਿਸਕ ਜਾਣਾ ਵੀ ਕਰ ਲਿਆ ਜਾਂਦਾ ਹੈ।

ਸਿੱਖ ਇਤਿਹਾਸ ਵਿਚ ਬੇਦਾਵੇ' ਦਾ ਸੰਬੰਧ ਮੁਕਤਸਰ ਵਿਖੇ 40 ਸਿੱਖਾਂ ਦੀ ਸ਼ਹਾਦਤ ਨਾਲ ਜੁੜਿਆ ਹੋਇਆ ਹੈ। ਇਹ ਚਾਲੀ ਸਿੱਖ ਉਹ ਸਨ ਜਿਹੜੇ ਮਾਝੇ ਦੇ ਸਿੱਖਾਂ ਦੇ ਜਥੇਦਾਰ ਸ੍ਰ: ਮਹਾਂ ਸਿੰਘ ਅਤੇ ਮਾਤਾ ਭਾਗੋ ਦੀ ਜਥੇਦਾਰੀ ਅਧੀਨ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਤੋਂ ਭੱਜ ਕੇ ਆਏ ਸਿੱਖਾਂ ਨੂੰ ਗੁਰੂ ਨਾਲ ਮਿਲਾਉਂਣ ਵਾਸਤੇ ਝਬਾਲ ਤੋਂ ਮੁਕਤਸਰ ਪਹੁੰਚੇ।

ਇਤਿਹਾਸ ਅਨੁਸਾਰ ਮੁਗਲ ਹਕੂਮਤ ਵਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਦਾ ਘੇਰਾ ਪਾ ਕੇ ਸਿੱਖਾਂ ਨੂੰ ਕਿਲ੍ਹਾ ਛੱਡਣ ਲਈ ਮਜਬੂਰ ਕਰਨਾ ਸੀ। ਕਿਲ੍ਹੇ ਅੰਦਰ ਘਿਰੇ ਸਿੱਖਾਂ ਵਿਚੋਂ ਬਹੁਤ ਸਾਰੇ ਸਿੱਖ ਭੁੱਖ ਤੋਂ ਤੰਗ ਆ ਕੇ ਚੋਰੀ ਕਿਲ੍ਹੇ ਤੋਂ ਬਾਹਿਰ ਨੱਠ ਆਏ। ਜਦ ਇਹ ਘਰ ਆਏ ਤਾਂ ਲੋਕਾਂ ਨੇ ਉਨਾਂ ਨੂੰ ਧ੍ਰਿਕਾਰਿਆ। ਗਦਾਰ ਹੋਣ ਦੇ ਤਾਹਨੇ ਮਾਰੇ। ਸ਼ਰਮਿੰਦੇ ਹੋਏ ਸਿੱਖ ਸ੍ਰ:ਮਹਾਂ ਸਿੰਘ ਅਤੇ ਮਾਤਾ ਭਾਗੋ ਦੀ ਕਮਾਨ ਹੇਠ ਗੁਰੂ ਗੋਬਿੰਦ ਸਿੰਘ ਪਾਸ ਪਹੁੰਚੇ। ਖਿਮਾ ਮੰਗਣ ਦੀ ਥਾਂ ਬਹਿਸ ਵਿਚ ਪੈ ਗਏ ਅਤੇ ਮੁਗਲ ਹਕੂਮਤ ਨਾਲ ਸਮਝੌਤਾ ਕਰਲ ਵਾਸਤੇ ਅੜੀ ਕਰਨ ਲਗੇ। ਸਤਿਗੁਰਾਂ ਨੇ ਕਿਹਾ ਕਿ ਜੇਕਰ ਤੁਸੀਂ ਮੇਰੇ ਨਾਲ ਯੁੱਧ ਵਿਚ ਸ਼ਾਮਿਲ ਨਹੀਂ ਹੋਣਾ ਚਾਹੁੰਦੇ ਤਾਂ ਵੱਖਰੀ ਗਲ ਹੈ ਅਜਿਹੀਆਂ ਅੜੌਣੀਆਂ ਪੇਸ਼ ਕਰਨ ਨਾਲੋਂ ਬਿਹਤਰ ਹੈ ਕਿ ਤੁਸੀਂ ਲਿਖ ਕੇ ਦੇ ਦਿਓਂਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਹਾਡੇ ਸਿੱਖ ਨਹੀ'' ਤੁਹਾਡੇ ਵਾਸਤੇ ਰਸਤਾ ਸਾਫ ਹੈ। ਗੁੱਸੇ ਵਿਚ ਆਇਆਂ ਇਨ੍ਹਾਂ ਨੇ ਇਕ ਦੰਮ ਕਾਗਜ਼ ਤੇ ਇਹ ਅੱਖਰ ਲਿਖ ਦਿਤੇ। ਜਦ ਵਾਪਿਸ ਪਰਤ ਰਹੇ ਸਨ ਤਾਂ ਅੱਗੋਂ ਮੁਗਲ ਹਕੂਮਤ ਦੀਆਂ ਫੌਜਾਂ ਗੁਰੂ ਜੀ ਨੂੰ ਪਕੜਨ ਵਾਸਤੇ ਮਾਰੋ ਮਾਰ ਕਰਦੀਆਂ ਆ ਰਹੀਆਂ ਮਿਲ ਗਈਆਂ।

ਬੱਸ* ਫਿਰ ਕੀ ਸੀ ਉਥੇ ਘਮਾਸਾਨ ਯੁੱਧ ਛਿੜ ਗਿਆ। ਇਹ ਸਿੱਖ ਬੜੀ ਸੂਰਬੀਰਤਾ ਨਾਲ ਲੜੇ। ਮੁਗਲ ਸੈਨਾ ਪਾਣੀ ਅਤੇ ਰਾਸ਼ਨ ਤੋਂ ਆਤਰ ਹੋਈ ਮੈਦਾਨੇ-ਜੰਗ ਵਿਚ ਬਹੁਤਾ ਸਮਾਂ ਟਿਕ ਨਾ ਸਕੀ। ਇਸ ਯੁੱਧ ਵਿਚ ਝਬਾਲ ਦੇ ਜਥੇ ਦੇ ਚੋਣਵੇਂ 40 ਸਿੱਖ ਸ਼ਹੀਦ ਹੋ ਗਏ। ਸਤਿਗੁਰੁ ਦੂਰ ਟਿੱਬੇ ਤੇ ਬੈਠੇ ਇਹ ਨਜ਼ਾਰਾ ਅੱਖੀਂ ਤੱਕ ਰਹੇ ਸਨ। ਉਹ ਸੂਰਮਿਆਂ ਦੀ ਮਰਦਾਨਗੀ ਨੂੰ ਸ਼ਾਬਾਸ਼ ਦੇ ਰਹੇ ਸਨ ਅਤੇ ਨਾਲ ਹੀ ਤੀਰਾਂ ਦੀ ਬੁਛਾੜ ਕਰ ਰਹੇ ਸਨ।

ਮੁਗਲ ਹਕੂਮਤ ਦੇ ਨੱਠ ਜਾਣ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖੁਦ ਇਨਾਂ ਸ਼ਹੀਦਾਂ ਪਾਸ ਆਏ। ਸਿਸਕਦਿਆਂ ਨੂੰ ਉਨ੍ਹਾਂ ਗਲੇ ਲਗਾਇਆ ਅਤੇ ਸ਼ਹੀਦਾਂ ਨੂੰ ਸਨਮਾਨ ਵਜੋਂ ਚਾਲੀ-ਮੁਕਤੇ ਹੋਣ ਦਾ ਖ਼ਿਤਾਬ ਦਿਤਾ। ਸ੍ਰ: ਮਹਾਂ ਸਿੰਘ ਉਸ ਸਮੇਂ ਬੁਰੀ ਤਰ੍ਹਾਂ ਨਾਲ ਜ਼ਖਮੀ ਸਨ, ਗੁਰੂ ਸਾਹਿਬ ਚੱਲ ਕੇ ਉਸ ਪਾਸ ਆਏ ਮੁਖੜਾ ਪੂੰਝਿਆਂ ਮੂੰਹ ਵਿਚ ਜਲ ਪਾਇਆ ਅਤੇ ਪੁੱਛਿਆ ਸਿੱਖਾ ਮੰਗ ਤੇਰੀ ਆਖਰੀ ਖ਼ਾਹਿਸ਼ ਕੀ ਹੈ? ਉਤਰ ਵਿਚ ਸ੍ਰ: ਮਹਾਂ ਸਿੰਘ ਨੇ ਬਸ ਇੰਨਾਂ ਹੀ ਕਿਹਾ ਮਹਾਰਾਜ ਟੁੱਟੀ ਗੰਢ ਦਿਓ।ਸਤਿਗੁਰੂ ਨਿਹਾਲ ਹੋਏ ਅਤੇ ਉਸੇ ਸਮੇਂ ਕਮਰ ਕੱਸੇ ਵਿਚੋਂ ਲਿਖਿਆ ਕਾਗਜ਼ ਦਾ ਪੁਰਜਾ ਜਿਹੜਾ ਇਸ ਸਮੇਂ ਵਾਸਤੇ ਸੰਭਾਲ ਕੇ ਰੱਖਿਆ ਹੋਇਆ ਸੀ ਕੱਢਿਆ ਅਤੇ ਸ੍ਰ: ਮਹਾਂ ਸਿੰਘ ਨੂੰ ਵਿਖਾ ਕੇ ਪਾੜ ਦਿਤਾ। ਕਹਿਆ ਜਾਂਦਾ ਹੈ ਕਿ ਸ੍ਰ: ਮਹਾਂ ਸਿੰਘ ਦਾ ਚਲਾਣਾ ਸਤਿਗੁਰਾਂ ਦੀ ਝੋਲੀ ਵਿਚ ਹੋਇਆ। ਬਾਕੀ ਸ਼ਹੀਦ ਸਿੱਖਾਂ ਨੂੰ ਗੁਰੂ ਜੀ ਆਪਣੇ ਹੱਥਾਂ ਨਾਲ ਉਠਾਂਦੇ ਅਤੇ ਵਾਰੀ ਵਾਰੀ ਵਰ ਦੇਂਦੇ ਕਿਸੇ ਨੂੰ ਮੇਰਾ ਪੰਜ ਹਜ਼ਾਰੀ ਸਿੱਖ, ਕਿਸੇ ਨੂੰ ਮੇਰਾ ਦਸ ਹਜ਼ਾਰੀ ਸਿੱਖ ਆਦਿ। ਗੁਰੂ ਸਾਹਿਬ ਨੇ ਇਨ੍ਹਾਂ ਸਾਰੇ ਸਿੱਖਾਂ ਦਾ ਆਪਣੇ ਹੱਥੀਂ ਸਸਕਾਰ ਕਰਵਾਇਆ।

ਇਨ੍ਹਾਂ ਸ਼ਹੀਦਾਂ ਨੂੰ ਮੁਕਤੇ ਹੋਣ ਦਾ ਖ਼ਿਤਾਬ ਸਤਿਗੁਰਾਂ ਨੇ ਆਪ ਹੀ ਦਿਤਾ। ਭਾਰਤੀ ਦਰਸ਼ਨ ਅਤੇ ਗੁਰਬਾਣੀ ਅਨੁਸਾਰ ਮੁਕਤ ਪਦ ਕੇਵਲ ਉਨ੍ਹਾਂ ਵਾਸਤੇ ਵਰਤਿਆ ਜਾਂਦਾ ਹੈ ਜਿਹੜੇ ਮਾਯਾਵੀ ਪ੍ਰਭਾਵ ਤੋਂ ਬੱਚ ਕੇ ਪ੍ਰਭੂ ਨਾਲ ਲਿਵਲੀਨ ਹੋ ਜਾਂਦੇ ਹਨ। ਜਿਨ੍ਹਾਂ ਦਾ ਜੰਮਣ ਅਤੇ ਮਰਨ ਦਾ ਗੇੜ ਖ਼ਤਮ ਹੋ ਜਾਂਦਾ ਹੈ। ਉਨ੍ਹਾਂ ਦੀ ਆਤਮਾ ਪਰਮਾਤਮਾਂ ਵਿਖੇ ਲੀਨ ਹੋ ਜਾਂਦੀ ਹੈ।

ਇਸਲਾਮ ਵਿਚ ਇਸ ਨਾਲ ਮਿਲਦਾ ਸੰਕਲਪ ਗਾਜ਼ੀ' ਹੈ ਜਿਸ ਦਾ ਅਰਥ ਕਾਫਰਾਂ ਨੂੰ ਜੰਗ ਵਿਚ ਮਾਰਨ ਵਾਲਾ ਜੋਧਾ ਹੈ। ਜਹਾਦ ਵਿਚ ਲੜਦੇ ਲੜਦੇ ਜਿਹੜੇ ਸ਼ਹੀਦ ਹੋ ਜਾਂਦੇ ਹਨ। ਇਸਲਾਮ ਅਨੁਸਾਰ ਇਨ੍ਹਾਂ ਨੂੰ ਬਹਿਸ਼ਤ ਵਿਚ ਟਿਕਾਣਾ ਮਿਲਦਾ ਹੈ ਜਿਥੇ ਹਰ ਪ੍ਰਕਾਰ ਦੇ ਐਸ਼ੋ-ਆਰਾਮ ਵਾਸਤੇ ਹਰ ਪ੍ਰਕਾਰ ਦੀਆਂ ਚੀਜਾਂ ਇਨ੍ਹਾਂ ਨੂੰ ਮੁਹੱਈਆ ਹੁੰਦੀਆਂ ਹਨ। ਸ਼ਰਾਬ ਤੋਂ ਲੈ ਕੇ ਹੂਰਾਂ ਪਰੀਆਂ ਇਨ੍ਹਾਂ ਦੀ ਖ਼ਿਦਮਤ ਕਰਦੀਆਂ ਹਨ।ਮੁਕਤ ਪਦ ਦੇ ਮੁਕਾਬਲੇ ਤੇ ਇਹ ਰੁਤਬਾ ਬੜਾ ਹੌਲਾ ਅਤੇ ਨੀਵੇਂ ਪੱਧਰ ਦਾ ਹੈ। ਇੰਵੇਂ ਲਗਦਾ ਹੈ ਕਿ ਜਿਵੇਂ ਇਸ ਕੰਮ ਦੀ ਖਾਤਰ ਲੜਨ-ਮਰਨ ਵਾਲਿਆਂ ਨੂੰ ਇਕ ਪ੍ਰਕਾਰ ਦਾ ਦੁਨਿਆਵੀ ਲਾਰਾ ਹੀ ਲਗਾਇਆ ਗਿਆ ਹੋਵੇ।ਖਦਰਾਣੇ ਦੀ ਢਾਬ ਨੂੰ ਸਤਿਗੁਰਾਂ ਨੇ ਮੁਕਤਸਰ' ਭਾਵ ਮੁਕਤੀ ਦੇਣ ਵਾਲਾ ਤਾਲ ਕਿਹਾ। ਇਸ ਨਾਮਕਰਣ ਨਾਲ ਇਸ ਸਥਾਨ ਨੂੰ ਅਧਿਆਤਮਕ ਰੰਗ ਦਿਤਾ ਗਿਆ। ਜਿਥੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਉਥੇ ਸੁੰਦਰ ਗੁਰਦੁਆਰਾ ਸਾਹਿਬ ਹੈ ਅਤੇ ਢਾਬ ਸਰੋਵਰ ਵਿਚ ਤਬਦੀਲ ਹੋ ਗਈ ਹੈ। ਮਾਘ ਦੀ ਸੰਗ੍ਰਾਂਦ ਜਿਸ ਨੂੰ ਮਾਘੀ ਦਾ ਮੇਲਾ ਵੀ ਕਿਹਾ ਜਾਂਦਾ ਹੈ ਇਸ ਦਿਨ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਇਸ਼ਨਾਨ ਕਰਕੇ ਇਨ੍ਹਾਂ ਚਾਲੀ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪੱਤ ਕਰਦੀਆ ਹਨ।



ਗੁ. ਟਿਬੀ ਸਾਹਿਬ

# ਕੌਮ ਪ੍ਰਸਤ ਸ੍ਰ:ਤਰਲੋਚਨ ਸਿੰਘ ਨੂੰ ਪਦਮਭੂਸ਼ਣ ਸਨਮਾਨ

-ਡਾ. ਜਸਬੀਰ ਸਿੰਘ ਸਾਬਰ



ਇਸ ਫਾਨੀ ਸੰਸਾਰ ਵਿਚ ਪੈਦਾ ਹੋਣ ਵਾਲੇ ਮਨੁੱਖ ਦੋ ਕਿਸਮ ਦੀ ਸੋਚ ਵਾਲੇ ਹੁੰਦੇ ਹਨ। ਇਕ ਉਹ ਜੋ ਦੇਸ਼, ਕੌਮ, ਗਲੀ, ਮਹੁੱਲੇ, ਆਂਢ-ਗੁਆਂਢ ਤਾਂ ਕੀ ਆਪਣੇ ਪਰਿਵਾਰ ਵਲ ਵੀ ਲੋੜੀਂਦਾ ਧਿਆਨ ਨਹੀਂ ਦਿੰਦੇ ਅਤੇ ਨਿਜਵਾਦ ਤੇ ਨਿਜਲਾਭ ਦੀ ਭਾਵਨਾ ਦੇ ਅੰਤਰਗਤ ਕੇਵਲ ਆਪਣੇ ਦੁਖ ਸੁਖ ਲਈ ਹੀ ਜੀਵਨ ਬਤੀਤ ਕਰਕੇ ਤੁਰ ਜਾਂਦੇ ਹਨ। ਦੂਜੇ ਕਿਸਮ ਦੇ ਉਹ ਮਨੁਖ ਹੁੰਦੇ ਹਨ ਜੋ ਪਰਉਪਕਾਰੀ ਭਾਵਨਾ ਦੇ ਨਾਲ ਦੂਜਿਆਂ ਦੇ ਦੂਖ, ਰੋਗ, ਸੰਤਾਪ ਉਤਾਰਨ ਅਤੇ ਦੇਸ਼, ਕੌਮ ਦੇ ਸੁਚਾਰੂ ਕਾਰਜਾਂ ਲਈ ਨਿਰਭਉ ਹੋ ਕੇ ਆਪਣਾ ਤਨ, ਮਨ, ਧਨ ਸਭ ਕੁੱਝ ਨਿਛਾਵਰ ਕਰਨ ਤੋਂ ਗੁਰੇਜ਼ ਨਹੀਂ ਕਰਦੇ।

ਬ੍ਰਹਮੰਡੀ ਸਰੋਕਾਰਾਂ ਨਾਲ ਸੰਬੰਧਤ ਚੇਤਨਾ ਵਾਲੇ ਸਿਧਾਂਤਪ੍ਰਸਤ ਸ੍ਰ:ਤਰਲੋਚਨ ਸਿੰਘ, ਇਸ ਦੂਜੀ ਕਿਸਮ ਦੇ ਮਨੁੱਖ ਹਨ ਜਿਨ੍ਹਾਂ ਨੂੰ ਵਿਸ਼ਵ ਭਰ ਵਿਚ ਲੋਕਾਂ ਵਲੋਂ ਵੇਖਣਾ, ਸੁਣਨਾ ਤੇ ਪੜਨਾ ਪਸੰਦ ਕੀਤਾ ਜਾਂਦਾ ਹੈ। ਦੇਸ਼ ਕੌਮ ਦੇ ਭੱਖਦੇ ਮਸਲਿਆਂ ਨੂੰ ਬੇਬਾਕੀ ਨਾਲ ਆਪਣੀਆਂ ਲਿਖਤਾਂ ਤੇ ਵਿਆਖਿਆਨਾਂ ਰਾਂਹੀ ਉਭਾਰਨ ਅਤੇ ਗੁਰਮਤਿ ਸਾਹਿਤ ਅਤੇ ਪੰਜਾਬੀਅਤ ਦਾ ਉੱਚ ਦਰਜੇ ਦਾ ਮਿਆਰੀ ਸਥਾਨ ਵਿਸ਼ਵ ਪੱਧਰ ਤੇ ਸਥਾਪਤ ਕਰਨ ਲਈ ਜੋ ਘਾਲ ਕਮਾਈ ਸ੍ਰ:ਤਰਲੋਚਨ ਸਿੰਘ ਨੇ ਆਪਣੇ ਜੀਵਨ-ਕਾਲ ਵਿਚ ਕੀਤੀ ਹੈ ਉਹ ਸਦੀਵ-ਕਾਲ ਸੂਰਜ ਵਾਂਗ ਚਮਕਦੀ ਰਹੇਗੀ।

ਵੈਸੇ ਤਾਂ ਸ੍ਰ:ਤਰਲੋਚਨ ਸਿੰਘ ਜੀ ਨੂੰ ਦੇਸ਼ ਵਿਦੇਸ਼ ਦੀਆਂ ਨਾਮਵਰ ਪ੍ਰਸਿੱਧ ਸੰਸਥਾਵਾਂ ਵਲੋਂ ਦਿਤੇ ਗਏ ਮਾਨ ਸਨਮਾਨਾਂ ਦੀ ਲਿਸਟ ਬਹੁਤ ਹੀ ਲੰਬੀ ਹੈ। ਪਰ ਭਾਰਤ ਸਰਕਾਰ ਵਲੋਂ ਆਪ ਜੀ ਨੂੰ 2020-21 ਦਾ ਪਦਮ ਭੂਸ਼ਣ ਸਨਮਾਨ ਦਿਤੇ ਜਾਣ ਦਾ ਐਲਾਨ ਫ਼ਖ਼ਰਯੋਗ ਤੇ ਜ਼ਿਕਰਯੋਗ ਹੈ ਜੋ ਦੇਸ਼ ਦੀਆਂ ਉਨ੍ਹਾਂ ਕੁੱਝ ਹਸਤੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਦੇਸ਼ ਤੇ ਕੌਮ ਦੀ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਕ, ਸਾਹਿਤਕ, ਕਲਾ ਖੇਤਰ ਵਿਚ ਵਿਸ਼ੇਸ਼ ਵੱਡਮੁਲਾ ਯੋਗਦਾਨ ਪਾਇਆ ਹੋਵੇ।

ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦਾ ਸਾਇਦ ਹੀ ਕੋਈ ਅਜਿਹਾ ਸਮਾਗਮ ਹੋਵੇਗਾ ਜਿਥੇ ਸ੍ਰ:ਤਰਲੋਚਨ ਸਿੰਘ ਵਿਸ਼ੇਸ਼ ਰੂਪ ਸ਼ਾਮਲ ਨ ਹੋਏ ਹੋਣ। ਦੀਵਾਨ ਆਪ ਜੀ ਨੂੰ ਨਿਮੰਤ੍ਰਤ ਕਰਨ ਅਤੇ ਵਿਭਿੰਨ ਰੂਪਾਂ ਵਿਚ ਸਨਮਾਨਤ ਕਰਨ ਸਮੇਂ ਮਾਣ ਮਹਿਸੂਸ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ। ਇਸ ਸੰਦਰਭ ਵਿਚ ਸ੍ਰ:ਤਰਲੋਚਨ ਸਿੰਘ ਜੀ ਦੇ ਜੀਵਨ ਸਫ਼ਰ ਨੂੰ ਜਾਣਨ ਦੀ ਪਾਠਕਾਂ ਦੀ ਜਗਿਆਸਾ ਪੂਰੀ ਕਰਨ ਹਿਤ ਤਰਦੀ ਤਰਦੀ ਨਜ਼ਰ ਮਾਰਨੀ ਤਰਕ-ਸੰਗਤ ਲਗਦੀ ਹੈ ਜੋ ਇਸ ਪ੍ਰਕਾਰ ਹੈ:



ਰਾਸ਼ਟਰਪਤੀ ਗਿ. ਜ਼ੈਲ ਸਿੰਘ ਨਾਲ



ਸ. ਤਰਲੋਚਨ ਸਿੰਘ ਤੇ ਧਰਮ ਪਤਨੀ ਬੀਬੀ ਉਤਮਜੀਤ ਕੌਰ

ਅਣਵੰਡੇ ਪੰਜਾਬ ਦੇ ਨਗਰ ਢੁਡਿਆਲ ਵਿਚ ਪਿਤਾ ਸ੍ਰ:ਬਲਵੰਤ ਸਿੰਘ ਅਤੇ ਮਾਤਾ ਰਾਮ ਪਿਆਰੀ ਦੇ ਬਾਗ ਬਗੀਚੇ ਵਿਚ ਸ੍ਰ:ਤਰਲੋਚਨ ਸਿੰਘ ਦੇ ਰੂਪ ਵਿਚ ਗੁਲਾਬ ਦਾ ਇਹ ਫੂਲ ਖਿੜਿਆ 28 ਜੁਲਾਈ 1933 ਈ:ਨੂੰ ਜੋ ਤਿੰਨਾਂ ਬਚਿਆਂ ਵਿਚੋਂ ਸਭ ਤੋਂ ਵਡੇਰਾ ਹੈ। ਖਾਲਸਾ ਸਕੂਲ ਢੁਡਿਆਲ ਤੋਂ ਸਕੂਲੀ ਵਿਦਿਆ ਪ੍ਰਾਪਤ ਕਰਨ ਉਪਰੰਤ 1947 ਦੀ ਵੰਡ ਸਮੇਂ ਇਹ ਪਰਿਵਾਰ ਪਟਿਆਲੇ ਆ ਵਸਿਆ। ਪਰਿਵਾਰ ਲਈ ਆਰਥਿਕ ਪੱਖੋਂ ਇਹ ਅਜਿਹਾ ਸਮਾਂ ਸੀ ਕਿ ਆਪ ਨੂੰ ਪੜਾਈ ਦੇ ਨਾਲ-ਨਾਲ ਕੰਮ ਵੀ ਕਰਨਾ ਪਿਆ। ਮਹਿੰਦਰਾ ਕਾਲਜ ਪਟਿਆਲਾ ਤੋਂ ਬਾਅਦ ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਕਰਦਿਆਂ 1955 ਵਿਚ ਐਮ.ਏ ਇਕਨੋਮਿਕਸ ਦੀ ਡਿਗਰੀ ਪ੍ਰਾਪਤ ਕੀਤੀ।

ਐਮ.ਏ. ਪਾਸ ਕਰਨ ਉਪਰੰਤ, ਜੀਵਨ ਦੀ ਸੁਰੂਆਤ ਕੀਤੀ ਪੰਜਾਬ ਸਿਵਲ ਸਰਵਿਸਜ਼ ਵਿੱਚ ਬਤੌਰ ਪੀ.ਆਰ.ਓ ਭਾਖੜਾ ਡੈਮ ਵਜੋਂ ਅਤੇ ਓਥੇ ਹੀ ਲੇਖ ਲਿਖਣੇ ਆਰੰਭ ਕੀਤੇ ਜੋ ਪੰਜਾਬੀ ਦੇ ਅਖਬਾਰਾਂ ਤੇ ਰਸਾਲਿਆਂ ਵਿਚ ਛਪੇ ਅਤੇ ਬਹੁਤ ਪੰਸਦ ਕੀਤੇ ਗਏ। ਇਸ ਖੇਤਰ ਵਿਚ ਅਜੀਤ ਅਖਬਾਰ ਦੇ ਸ੍ਰ: ਸਾਧੂ ਸਿੰਘ ਹਮਦਰਦ, ਅਕਾਲੀ ਪਤ੍ਰਿਕਾ ਦੇ ਗਿਆਨੀ ਸ਼ਾਦੀ ਸਿੰਘ, ਕੌਮੀ ਏਕਤਾ ਦੇ ਸ੍ਰ: ਰਜਿੰਦਰ ਸਿੰਘ ਭਾਟੀਆ ਨੇ ਇਸ ਦੀ ਹੌਸਲਾ ਅਫ਼ਜਾਈ ਤੇ ਮਦਦ ਕੀਤੀ। ਏਸ਼ੀਆ ਦੀ ਸਭ ਤੋਂ ਵੱਡੀ ਕੋਆਪ੍ਰੇਟਿਵ ਸੰਸਥਾ ਮਾਰਕਫੈਡ ਦਾ ਆਪਨੂੰ ਜੁਆਇੰਟ ਸੈਕਟਰੀ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।ਏਥੇ ਆਪ ਜੀ ਨੇ 1971 ਵਿਚ ਪਹਿਲਾ ਸਿਖ ਕੈਲੰਡਰ ਪ੍ਰਕਾਸ਼ਤ ਕਰਨ ਦੀ ਪਰੰਪਰਾ ਆਰੰਭ ਕੀਤੀ ਜੋ ਇਤਨੀ ਪ੍ਰਸਿੱਧ ਹੋਈ ਕਿ ਅੱਜ ਹਰੇਕ ਸਿੱਖ ਸੰਸਥਾ ਤੇ ਅਦਾਰਾ ਸਿੱਖੀ ਸਰੋਕਾਰਾਂ ਨਾਲ ਜੁੜੇ, ਕੰਧ ਤੇ ਟੇਬਲ ਕੈਲੰਡਰ ਪ੍ਰਕਾਸ਼ਤ ਕਰਨ ਨੂੰ ਪਹਿਲ ਦਿੰਦਾ ਹੈ ਅਤੇ ਹਰ ਸਿੱਖ ਤੇ ਗੈਰ ਸਿੱਖ ਇਨ੍ਹਾਂ ਸਿੱਖ ਕੈਲੰਡਰਾਂ ਨੂੰ ਘਰਾਂ ਅਤੇ ਕਾਰੋਬਾਰੀ ਸਥਾਨਾਂ ਤੇ ਲਗਾਕੇ/ਰੱਖ ਕੇ ਮਾਣ ਮਹਿਸੂਸ ਕਰਦਾ ਹੈ।

ਸ੍ਰ:ਤਰਲੋਚਨ ਸਿੰਘ ਜੀ ਦੀ ਸ਼ਾਦੀ ਹੋਈ ਹੈ ਬੀਬੀ ਉਤਮਜੀਤ ਕੌਰ ਨਾਲ ਅਤੇ ਇਨ੍ਹਾਂ ਦੀਆਂ ਦੋ ਬੇਟੀਆਂ ਬੀਬਾ ਪ੍ਰੀਤੀ ਚਾਵਲਾ, ਡਾ: ਜੋਤਿਕਾ ਕੋਹਲੀ ਅਤੇ ਇਕ ਬੇਟਾ ਪਵਨਦੀਪ ਸਿੰਘ ਹੈ। ਆਪ ਜੀ ਨੂੰ ਮਾਣ ਪ੍ਰਾਪਤ ਹੈ, 1982 ਵਿਚ ਭਾਰਤ ਦੇ ਰਾਸ਼ਟਰਪਤੀ ਸੁਵਰਗੀ ਗਿਆਨੀ ਜੈਲ ਸਿੰਘ ਦੇ ਪ੍ਰੈਸ ਸਕੱਤਰ ਹੋਣ ਦਾ ਫੇਰ ਦਿਲੀ ਟੂਰਿਜ਼ਮ ਵਿਭਾਗ ਦਾ ਪਹਿਲਾਂ 1987-93 ਤਕ ਮੈਨੇਜਿੰਗ ਡਾਇਰੈਕਟਰ ਉਪਰੰਤ 1997-99 ਤਕ ਇਸਦਾ ਚੇਅਰਮੈਨ ਬਣਨ ਦਾ। ਆਪਨੇ ਆਪਣੀਆਂ ਇਹ ਡਿਊਟੀਆਂ ਪੂਰੀ ਤਨਦੇਹੀ, ਇਮਾਨਦਾਰੀ ਤੇ ਸੁਹਿਰਦਤਾ ਨਾਲ ਇਸ ਤਰ੍ਹਾਂ ਨਿਭਾਈਆਂ ਕਿ ਆਪ ਜੀ ਦੀ ਪ੍ਰਤਿਭਾ ਕੌਮੀ ਲੀਡਰਾਂ ਸਾਹਮਣੇ ਉਭਰ ਕੇ ਅਜਿਹੀ ਆਈ ਜਿਸ ਦੇ ਫਲਸਰੂਪ ਪਹਿਲਾਂ ਆਪ ਜੀ ਨੂੰ ਕੌਮੀ ਘਟ ਗਿਣਤੀ ਕਮਿਸ਼ਨ ਦਾ 2000-2003 ਤਕ ਉਪ ਚੇਅਰਮੈਨ ਅਤੇ ਫੇਰ 2003-2006 ਤਕ ਚੇਅਰਮੈਨ ਨਿਯੁਕਤ ਕੀਤਾ ਗਿਆ। ਇਹ ਪਦਵੀ ਆਮ ਤੌਰ ਤੇ ਦੇਸ਼ ਦੀ ਸਭ ਤੋਂ ਵਧ ਵਸੋਂ ਵਾਲੀ ਘਟ ਗਿਣਤੀ ਨਾਲ ਸੰਬੰਧਤ ਮੁਸਲਮਾਨ ਸ਼ਖ਼ਸੀਅਤ ਨੂੰ ਦਿੱਤੀ ਜਾਂਦੀ ਸੀ। ਇਹ ਪਹਿਲੀ ਵਾਰ ਹੋਇਆ ਕਿ ਸਭ ਤੋਂ ਘਟ ਵਸੋਂ ਵਾਲੀ ਸਿਖ ਕੌਮ ਨਾਲ ਸੰਬੰਧਤ ਪੰਥ ਪ੍ਰਸਤ ਸ੍ਰ:ਤਰਲੋਚਨ ਸਿੰਘ ਜੀ ਨੂੰ ਇਹ ਪਦਵੀ ਪ੍ਰਦਾਨ ਕੀਤੀ ਗਈ। ਏਥੇ ਹੀ ਬਸ ਨਹੀਂ ਆਪ ਜੀ ਨੂੰ ਅਗਸਤ 2004-2010 ਤਕ ਰਾਜ ਸਭਾ ਦੇ ਮੈਂਬਰ ਹੋਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਰਾਜ ਸਭਾ ਦਾ ਮੈਂਬਰ ਬਣਨ ਬਾਰੇ ਆਪ ਜੀ ਦਿਲਚਸਪ ਤੱਥ ਦਸਦੇ ਹਨ ਕਿ ਸਿਖ ਸਮਾਜ ਨਾਲ ਸੰਬੰਧਤ ਮਸਲਿਆਂ ਨੂੰ ਪਾਰਲੀਮੈਂਟ ਵਿਚ ਪੰਜਾਬ ਦੇ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਠੀਕ ਪ੍ਰਸੰਗ ਵਿਚ ਪੇਸ਼ ਨਹੀਂ ਸਨ ਕਰਦੇ ਜਿਸਦਾ ਮੈਨੂੰ ਬਹੁਤ ਦੁਖ ਹੁੰਦਾ ਇਸ ਲਈ ਮੈਂ ਮਹਿਸੂਸ ਕੀਤਾ ਕਿ ਓਥੇ ਇਕ ਅਜਿਹੇ ਮੈਂਬਰ ਦੀ ਲੋੜ ਹੈ ਜੋ ਬੇਬਾਕੀ ਨਾਲ ਨਿਡਰ ਹੋ ਕੇ ਸੰਬੰਧਤ ਮਸਲੇ ਨੂੰ ਸਾਰਥਿਕ ਰੂਪ ਵਿਚ ਪੇਸ਼ ਕਰਦਿਆਂ ਉਸਦੀ ਅਹਿਮੀਅਤ ਪ੍ਰਗਟ ਕਰੇ। ਅੰਦਰੋਂ ਆਈ ਅਵਾਜ਼ ਕਾਰਨ ਸ੍ਰ:ਤਰਲੋਚਨ ਸਿੰਘ ਨੇ ਆਪਣੇ ਆਪ ਨੂੰ ਇਸ ਯੋਗ ਸਮਝਿਆ ਪਰ ਕਿਸੇ ਵੀ ਸਿਆਸੀ ਪਾਰਟੀ ਦਾ ਮੈਂਬਰ ਨ ਹੋਣ ਕਾਰਨ ਇਹ ਗਲ ਅਸੰਭਵ ਜਾਪੀ ਪਰ ਫੇਰ ਵੀ ਦੋਸਤਾਂ ਮਿਤਰਾਂ ਦੇ ਜੋਰ ਪਾਉਣ ਤੇ ਆਪ ਜੀ ਨੇ ਵਿਰੋਧੀ ਧਿਰ ਦੇ ਅਕਾਲੀ ਆਗੂ ਸ੍ਰ: ਪ੍ਰਕਾਸ਼ ਸਿੰਘ ਬਾਦਲ ਨਾਲ ਗਲ ਕੀਤੀ ਪਰ ਉਨ੍ਹਾਂ ਨੇ ਹੁੰਗਾਰਾ ਨ ਭਰਿਆ। ਫੇਰ ਆਪ ਜੀ ਨੇ ਹਰਿਆਣੇ ਦੇ ਮੁਖ ਮੰਤਰੀ ਸ੍ਰੀ ਓਮਪ੍ਰਕਾਸ਼ ਚੌਟਾਲਾ ਨੂੰ ਸ੍ਰ:ਪ੍ਰਕਾਸ਼ ਸਿੰਘ ਬਾਦਲ ਨੂੰ ਸਿਫਾਰਸ਼ ਕਰਨ ਲਈ ਆਖਿਆ ਪਰ ਸ੍ਰ:ਚੌਟਾਲਾ ਨੇ ਸਿਫਾਰਸ਼ ਕਰਨ ਦੀ ਥਾਂ ਹਰਿਆਣੇ ਦੇ ਆਪਣੇ ਕੋਟੇ ਵਿਚੋਂ ਇਕ ਸੀਟ ਸ੍ਰ:ਤਰਲੋਚਨ ਸਿੰਘ ਜੀ ਨੂੰ ਦਿੰਦਿਆਂ ਇਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾ ਦਿੱਤਾ।ਹਾਲਾਂ ਕਿ ਇਹ ਸੱਚ ਸਾਰੇ ਜਾਣਦੇ ਸਨ ਕਿ ਸ੍ਰ:ਤਰਲੋਚਨ ਸਿੰਘ ਲਈ ਸਿੱਖ ਪੰਥ ਤੇ ਪੰਜਾਬੀਅਤ ਏਥੋਂ ਤੱਕ ਸਰਬੋਤਮ ਹੈ ਕਿ ਇਨ੍ਹਾਂ ਨੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਪੁਜੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਬੋਲਣ ਨਹੀਂ ਦਿੱਤਾ ਅਤੇ ਭਾਰੀ ਸੁਰਖਿਆ ਫੋਰਸ ਦੀ ਮੌਜੂਦਗੀ ਵਿਚ ਮਾਈਕ ਖੋਹ ਲਿਆ। ਪਰ ਫਿਰ ਵੀ ਗੁਰੂ ਦੀ ਬਖ਼ਸ਼ਿਸ਼ ਨਾਲ 2004-2010 ਤਕ ਰਾਜ ਸਭਾ ਦੇ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ। ਰਾਜ ਸਭਾ ਵਿਚ ਪੁਜ਼ ਕੇ ਆਪ ਜੀ ਮੂਕ ਦਰਸ਼ਕ ਬਣ ਕੇ ਨਹੀਂ ਬੈਠੇ ਸਗੋਂ ਪਹਿਲੀ ਵਾਰ ਪੰਜਾਬੀ ਵਿਚ ਭਾਸ਼ਣ ਦਿੰਦਿਆਂ 1984 ਦੇ ਦੰਗਾ ਪੀੜਤਾਂ ਨੂੰ ਮੁਆਵਜਾ ਦਿਵਾਉਣ, ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰਾਉਂਦਿਆਂ ਸਿੱਖਾਂ ਨੂੰ ਵਖਰੀ ਕੌਮ ਦਾ ਦਰਜਾ ਦਵਾਉਣ ਦਾ ਬਿਲ ਪੇਸ਼ ਕਰਨ ਅਤੇ 1908 ਵਿਚ ਪਾਸ ਹੋਏ ਅਨੰਦ ਮੈਰਿਜ ਐਕਟ ਵਿਚ 'ਸਿੱਖ ਇਕ ਵਖਰੀ ਕੌਮ' ਪਾਸ ਕਰਾਉਂਦਿਆਂ ਵਿਦੇਸ਼ ਜਾਣ ਵਾਲੇ ਸ਼ਾਦੀ ਸੁਦਾ ਸਿੱਖ ਜੋੜਿਆਂ ਨੂੰ ਸੁਤੰਤਰ 'ਮੈਰਿਜ ਐਕਟ' ਤਹਿਤ ਰਜਿਸਟਰ ਹੋ ਕੇ ਸਰਟੀਫਿਕੇਟ ਦਿਵਾਉਣ, ਹਰਿਆਣਾ ਅਤੇ ਦਿਲੀ ਵਿਚ ਪੰਜਾਬੀ ਬੋਲੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿਵਾਉਣ, ਅੰਮ੍ਰਿਤਸਰ ਹਵਾਈ ਅਡੇ ਤੋਂ ਟਰਾਂਟੋ ਤੇ ਵੈਨਕੋਵਰ ਨੂੰ ਸਿਧੀ ਹਵਾਈ ਸੇਵਾ ਸ਼ੁਰੂ ਕਰਾਉਣ, ਚੰਡੀਗੜ੍ਹ ਦੇ ਸਥਾਨਕ ਹਵਾਈ ਅਡੇ ਨੂੰ ਅੰਤਰ ਰਾਸ਼ਟਰੀ ਹਵਾਈ ਅਡਾ ਬਣਾਉਣ, ਪਾਰਲੀਮੈਂਟ ਦੇ ਆਂਗਨ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਤ ਕਰਾਉਣ ਜਿਸ ਲਈ ਸਮਕਾਲ ਦੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ 25 ਲੱਖ ਰੁਪਏ ਦੀ ਰਾਸ਼ੀ ਵੀ ਦਿੱਤੀ ਆਦਿ ਦੇ ਯਾਦਗਾਰੀ ਕਾਰਜ ਕਰਨ ਦੀ ਨਿਗਰ ਭੂਮਿਕਾ ਨਿਭਾਈ। ਏਸੇ ਤਰ੍ਹਾਂ ਘਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਅਮਰੀਕਾ, ਇੰਗਲੈਂਡ ਤੇ ਯੂ.ਕੇ ਦੀ ਕਾਲੀ ਸੂਚੀ ਵਿਚੋਂ 100 ਸਿੱਖਾਂ ਦੇ ਨਾਮ ਕਟਵਾਏ ਤੇ ਵੀਜ਼ੇ ਦਿਵਾਏ। ਆਪ ਦੇ ਯਤਨਾਂ ਨਾਲ ਭਾਰਤੀ ਫੌਜ਼ ਦਾ ਸਰਬੋਤਮ ਅਹੁਦਾ ਏਅਰ ਫੋਰਸ ਵਿਚ ਜੀਵਨ ਭਰ ਲਈ ਏਅਰ ਚੀਫ਼ ਮਾਰਸ਼ਲ ਸ੍ਰ:ਅਰਜਨ ਸਿੰਘ ਨੂੰ ਮਾਰਸ਼ਲ ਆਫ਼ ਏਅਰ ਫੋਰਸ ਦਾ ਦਿਵਾਇਆ ਅਤੇ ਏਸੇ ਤਰ੍ਹਾਂ ਬਤੌਰ ਚੇਅਰਮੈਨ ਘਟ ਗਿਣਤੀ ਕਮਿਸ਼ਨ ਵਜੋਂ ਦਖਲ ਦੇ ਕੇ ਪਹਿਲੀ ਵਾਰ ਜਰਨਲ ਜੇ.ਜੇ ਸਿੰਘ ਨੂੰ ਭਾਰਤੀ ਫੌਜ਼ ਦਾ ਮੁਖੀ ਬਣਵਾਇਆ। ਏਥੇ ਹੀ ਬਸ ਨਹੀਂ ਕਿ 2019 ਵਿਚ ਮਨਾਏ ਗਏ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਸਾਲ ਦੇ ਪ੍ਰਕਾਸ਼ ਪੁਰਬ ਸਮੇਂ ਏਅਰ ਇੰਡੀਆ ਦੇ ਜਹਾਜਾਂ ਉਪਰ 'ੴ' ਦਾ ਲੋਗੋ ਲੁਆਉਣ ਦਾ ਕੇਂਦਰੀ ਹਵਾਬਾਜੀ ਮੰਤਰੀ ਸ੍ਰ:ਹਰਦੀਪ ਸਿੰਘ ਪੁਰੀ ਨੂੰ ਸੁਝਾਅ ਵੀ ਸ੍ਰ:ਤਰਲੋਚਨ ਸਿੰਘ ਨੇ ਹੀ ਦਿੱਤਾ।



ਅਮਰੀਕਾ ਦੇ ਤਤਕਾਲੀ ਪ੍ਰਧਾਨ ਨਾਲ



ਸ੍ਰੀ ਵਾਜਪਾਈ ਜੀ ਨਾਲ

ਸ੍ਰ: ਤਰਲੋਚਨ ਸਿੰਘ ਦੀ ਪੰਥ ਪ੍ਰਸਤੀ ਨੂੰ ਮਾਸਟਰ ਤਾਰਾ ਸਿੰਘ ਦੀ ਸੋਚ 'ਮੈਂ ਮਰਾਂ ਪੰਥ ਜੀਵੇ' ਅਨੁਸਾਰ ਦੇਖਿਆ ਜਾ ਸਕਦਾ ਹੈ ਕਿਉਂਕਿ ਇਹਨਾਂ ਵਲੋਂ ਰਾਜ ਸਭਾ ਵਿਚ ਦਿਤੇ ਗਏ, ਬੇਬਾਕ ਭਾਸ਼ਣ ਸਮੇਂ-ਸਮੇਂ ਉਠਾਏ ਗਏ ਮਸਲੇ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਦੇ ਮੁਖੀ ਵਜੋਂ ਨਿਰਭਉ ਨਿਰਵੈਰ ਭਾਵਨਾ ਅਧੀਨ ਕੀਤੇ ਕਾਰਜ ਉਹ ਵੀ ਬਗੈਰ ਕਿਸੇ ਸਿਆਸੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਲਏ ਬਿਨਾਂ ਇਸ ਗਲ ਦੀ ਸਾਖੀ



ਰਾਸ਼ਟਰਪਤੀ ਅਬਦੁਲ ਕਲਾਮ ਤੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਜੀ ਨਾਲ

ਭਰਦੇ ਹਨ। ਆਪ ਜੀ ਇਸ ਤੱਥ ਤੋਂ ਵੀ ਭਲੀ ਭਾਂਤ ਜਾਣੂੰ ਹੋ ਚੁਕੇ ਸਨ ਕਿ ਸਿੱਖੀ ਅਤੇ ਪੰਜਾਬੀਅਤ ਦਾ ਦਾਇਰਾ ਪੰਜਾਬ ਦੀਆਂ ਹਦਾਂ ਤੋਂ ਪਾਰ ਭਾਰਤ ਦੇ ਹਰ ਸੂਬੇ ਤੇ ਵਿਦੇਸ਼ਾਂ ਵਿਚ ਫੈਲ ਚੁਕਾ ਹੈ ਜਿਸ ਕਰਕੇ ਸਰਬੱਤ ਦਾ ਭੱਲਾ' ਮੰਗਣ ਵਾਲੀ ਇਸ ਕੌਮ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਜੱਗਿਆਸਾ ਵਿਸ਼ਵ ਭਰ ਦੇ ਸਿੱਖ ਤੇ ਗੈਰ ਸਿਖਾਂ ਵਿਚ ਪ੍ਰਚੰਡ ਹੈ। ਇਸ ਲਈ ਦੇਸ਼ ਵਿਦੇਸ਼ਾਂ ਵਿਚ ਉਨ੍ਹਾਂ ਦੇ ਮੁਹਾਵਰੇ ਤੇ ਸਮਝਗੋਚਰ ਭਾਸ਼ਾ ਵਿਚ ਸਿੱਖੀ ਦਾ ਗਿਆਨ ਪ੍ਰਦਾਨ ਕਰਨਾ ਸਮੇਂ ਦੀ ਲੋੜ ਹੈ। ਅੱਜ ਵਿਦੇਸ਼ਾਂ ਵਿਚ ਸਿੱਖ ਸਮਾਜ ਨੇ ਆਪਣੀ ਯੋਗਤਾ ਦੇ ਬਲਬੋਤੇ ਨਾ ਕੇਵਲ ਸੰਬੰਧਤ ਦੇਸ਼ਾਂ ਦੀਆਂ ਕੌਮੀ ਅਸੈਂਬਲੀਆਂ ਦੀ ਮੈਂਬਰੀ ਪ੍ਰਾਪਤ ਕੀਤੀ ਹੈ ਸਗੋਂ ਡੀਫੈਂਸ ਮਨਿਸਟਰ ਵਰਗੇ ਅਹਿਮ ਮੰਤਰਾਲੇ ਵੀ ਹਾਸਲ ਕੀਤੇ ਹੋਏ ਹਨ।ਏਸੇ ਲਈ ਦੇਸ਼ ਵਿਦੇਸ਼ ਦਾ ਸ਼ਾਇਦ ਹੀ ਕੋਈ ਪ੍ਰਸਿੱਧ ਸ਼ਹਿਰ ਹੋਵੇਗਾ ਜਿਥੇਂ ਸ੍ਰ:ਤਰਲੋਚਨ ਸਿੰਘ ਨੇ ਸਿੱਖੀ ਅਤੇ ਪੰਜਾਬੀਅਤ ਦੀ ਖੁਸ਼ਬੂ ਉਹਨਾਂ ਮੁਲਕਾਂ ਦੇ ਮੁਹਾਵਰੇ ਵਿਚ ਨਾ ਫੈਲਾਈ ਹੋਵੇ। ਏਹੋ ਕਾਰਨ ਹੈ ਕਿ ਅੱਜ ਵਿਸ਼ਵ ਦੀ ਹਰ ਸੰਸਥਾ ਵਲੋਂ ਸ੍ਰ:ਤਰਲੋਚਨ ਸਿੰਘ ਨੂੰ ਨਿਮੰਤ੍ਰਤ ਕਰਨਾ ਤੇ ਸਨਮਾਨਤ ਕਰਨਾ ਉਹਨਾਂ ਦੀ ਪਹਿਲੀ ਪਸੰਦ ਹੁੰਦੀ ਹੈ।

ਅਜੋਕੇ ਵਿਸ਼ਵ ਭਰ ਦੇ ਮਨੁੱਖ ਸਿੱਖ ਧਰਮ, ਸਭਿਆਚਾਰ, ਸਾਹਿਤ, ਇਤਿਹਾਸ ਅਤੇ ਕਲਾ ਬਾਰੇ ਗਿਆਨ ਪ੍ਰਾਪਤ ਕਰਨ ਵਿਚ ਦਿਲਚਸਪੀ ਲੈ ਰਹੇ ਹਨ। ਗੈਰ ਸਿੱਖਾਂ ਦੀਆਂ ਸਮਸਿਆਵਾਂ ਨੂੰ ਸਮਝਣਾ, ਸਵੀਕਾਰਨਾ ਤੇ ਨਿਜ ਰੂਪ ਵਿਚ ਅਨੁਭਵ ਕਰਨਾ ਇਹ ਸਭ ਕੁੱਝ ਸ੍ਰ:ਤਰਲੋਚਨ ਸਿੰਘ ਜੀ ਨੇ ਲਗਾਤਾਰ ਉਨ੍ਹਾਂ ਨਾਲ ਤਾਲਮੇਲ ਰਖ ਕੇ ਪ੍ਰਾਪਤ ਕੀਤਾ ਹੈ। ਇਹੀ ਕਾਰਨ ਹੈ ਕਿ ਆਪ ਜੀ ਨੇ ਅਮਰੀਕਾ, ਮੈਕਸੀਕੋ, ਥਾਈਲੈਂਡ, ਇਟਲੀ, ਕੈਨੇਡਾ, ਇੰਗਲੈਂਡ, ਮਲੇਸ਼ੀਆ, ਸਿੰਘਾਪੁਰ ਆਦਿ ਦੇਸ਼ਾਂ ਵਿਚ ਵਸੇ ਸਿੱਖ-ਸਮਾਜ ਦੇ ਸਰੋਕਾਰਾਂ ਨਾਲ ਜੁੜੇ ਮਸਲਿਆਂ ਨੂੰ ਅੰਤਰਰਾਸ਼ਟਰੀ ਪਰਿਪੇਖ ਵਿਚ ਵਿਚਾਰ ਕੇ ਬਹੁਤ ਹੀ ਸਟੀਕ ਢੰਗ ਨਾਲ ਉਭਾਰਿਆ ਹੈ। ਕਿਉਂਕਿ ਉਹ ਭਲੀ ਪ੍ਰਕਾਰ ਸਮਝਦੇ ਹਨ ਕਿ ਸਿੱਖ ਧਰਮ ਦੇ ਸਰੋਕਾਰਾਂ ਦੀ ਭੂਮਿਕਾ ਹੁਣ ਕੇਵਲ ਪੰਜਾਬ ਦੇ ਸਿਖਾਂ ਤਕ ਸੀਮਤ ਨਹੀਂ ਰਹਿ ਗਈ ਸਗੋਂ ਅੰਤਰਰਾਸ਼ਟਰੀ ਪੱਧਰ ਦੀ ਬਣ ਗਈ ਹੈ ਜਿਸ ਕਰਕੇ ਹਰੇਕ ਸਿੱਖ ਸਰੋਕਾਰ ਨੂੰ ਦੇਸ਼ ਵਿਦੇਸ਼ ਵਿਚ ਚੇਤੰਨ ਹੋ ਕੇ ਵਿਚਾਰਨ, ਪ੍ਰਚਾਰਨ ਤੇ ਪ੍ਰਸਾਰਨ ਦੀ ਲੋੜ ਹੈ। ਸੱਚਾਈ ਏਹੋ ਹੈ ਕਿ ਸਿੱਖ ਧਰਮ ਅਜੋਕੇ ਸਮੇਂ ਵਿਸ਼ਵ ਦਾ ਸਰਬੋਤਮ ਧਰਮ ਹੈ ਜਿਸਦੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਸੱਚੇ ਸੁਚੇ ਪ੍ਰਮੁੱਖ ਧਰਮਾਂ ਤੇ ਧਰਮ-ਗ੍ਰੰਥਾਂ ਦਾ ਸਤਿਕਾਰ ਨਾਲ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਵਿਚ 6 ਸਿੱਖ ਗੁਰੂਆਂ ਦੇ ਨਾਲ-ਨਾਲ 15 ਸੰਤ ਮਹਾਂਪੁਰਸ਼ਾਂ, ਸੂਫੀ ਸੰਤਾਂ ਅਤੇ 11 ਭਟਾਂ ਆਦਿ ਦੀ ਮਾਨਵ-ਹਿਤੂ ਸੰਦੇਸ਼ਾਂ ਵਾਲੀ ਨੂਰੀ ਬਾਣੀ ਵੀ ਦਰਜ਼ ਹੈ।

ਪੇਚੀਦਾ ਮਸਲਿਆਂ ਦਾ ਸਮਾਧਾਨ ਕਿਵੇਂ ਕੀਤਾ ਜਾ ਸਕਦਾ ਹੈ ਇਸਦੀ ਕੁੰਜੀ ਸ੍ਰ:ਤਰਲੋਚਨ ਸਿੰਘ ਕੋਲ ਹੈ। ਏਥੇ ਮੈਂ ਇਕ ਮਿਸਾਲ ਦੇਣੀ ਚਾਹਾਂਗਾ। ਪੰਜਾਬ ਵਿਚ ਮੋਗਾ ਕਾਂਡ ਨਾਲ ਜੁੜੇ ਵਿਦਿਆਰਥੀ ਅੰਦੋਲਨ ਦੀ ਅਜੋਕੇ ਕਿਸਾਨੀ ਅੰਦੋਲਨ ਵਾਂਗ ਉਸ ਸਮੇਂ ਵੀ ਦੋਵੇਂ ਧਿਰਾਂ ਆਪੋ ਆਪਣੀ ਥਾਂ ਅੜੀਆਂ ਹੋਈਆਂ ਸਨ। ਵਿਦਿਆਰਥੀ ਰੂਪੋਸ਼ ਸਨ ਅਤੇ ਕਿਸੇ ਨਾਲ ਗਲ ਕਰਨ ਲਈ ਤਿਆਰ ਨਹੀਂ ਸਨ। ਸ੍ਰ:ਤਰਲੋਚਨ ਸਿੰਘ ਜੀ ਨੂੰ ਫ਼ਰੀਦਕੋਟ ਜ਼ਿਲੇ ਦਾ ਲੋਕ ਸੰਪਰਕ ਅਧਿਕਾਰੀ ਬਣਾ ਕੇ ਭੇਜਿਆ ਗਿਆ ਸੀ ਅਤੇ ਵਿਦਿਆਰਥੀਆਂ ਨਾਲ ਸੰਪਰਕ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ। ਸ੍ਰ:ਤਰਲੋਚਨ ਸਿੰਘ ਨੇ ਮੋਗੇ ਦੇ ਇਕ ਕਾਂਗਰਸੀ ਮਿਤਰ ਰਾਹੀਂ ਖੇਤਾਂ ਵਿਚ ਇਕ ਖੂਹ ਤੇ ਵਿਦਿਆਰਥੀਆਂ ਨਾਲ ਆਪਣੇ ਮਿਲਾਪੜੇ ਸੁਭਾਅ ਅਨੁਸਾਰ ਗਲਬਾਤ ਕੀਤੀ ਤਾਂ ਵਿਦਿਆਰਥੀਆਂ ਨੇ ਅੰਦੋਲਨ ਖ਼ਤਮ ਕਰਨ ਲਈ ਦੋ ਮੁਖ ਮੰਗਾਂ ਰਖੀਆਂ। ਪਹਿਲੀ ਫ਼ਰੀਦਕੋਟ ਦੇ ਐਸ.ਐਸ.ਪੀ ਅਤੇ ਡੀ.ਸੀ ਦਾ ਤਬਾਦਲਾ ਤੇ ਦੂਜੀ ਬਗੈਰ ਕਿਸੇ ਵਿਚੋਲੇ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨਾਲ ਸਿਧੀ ਗਲਬਾਤ। ਸ੍ਰ:ਤਰਲੋਚਨ ਸਿੰਘ ਨੇ ਦੋਵੇਂ ਗਲਾਂ ਚੰਡੀਗੜ੍ਹ ਆ ਕੇ ਗਿਆਨੀ ਜੀ ਨੂੰ ਦਸੀਆਂ ਅਤੇ ਗਿਆਨੀ ਜੀ ਨੇ ਉਸੇ ਵਕਤ ਐਸ.ਐਸ.ਪੀ ਅਤੇ ਡੀ.ਸੀ ਦੇ ਤਬਾਦਲੇ ਦੇ ਹੁਕਮ ਜਾਰੀ ਕਰ ਦਿੱਤੇ ਉਪਰੰਤ ਗਿਆਨੀ ਜੀ ਖੁਦ ਜਗਾਰਾਵਾਂ ਆ ਕੇ ਗੈਸਟ ਹਾਊਸ ਵਿਚ ਵਿਦਿਆਰਥੀ ਲੀਡਰਾਂ ਨੂੰ ਮਿਲੇ। ਇਸ ਮੁਲਾਕਾਤ ਉਪਰੰਤ ਚੰਡੀਗੜ੍ਹ ਆ ਕੇ ਵਿਦਿਆਰਥੀਆਂ ਨੇ ਅੰਦੋਲਨ ਖਤਮ ਕਰਨ ਅਤੇ ਸਰਕਾਰ ਨੇ ਪ੍ਰੈਸ ਕਾਨਫਰੰਸ ਕਰਕੇ ਵਿਦਿਆਰਥੀਆਂ ਦੀਆਂ ਮੰਗਾਂ ਪ੍ਰਵਾਨ ਕਰਨ ਦਾ ਐਲਾਨ ਕਰ ਦਿੱਤਾ।

ਚਾਰ ਪੁਸਤਕਾਂ, 1. ਨੇੜਿਓਂ ਤੱਕਿਆ ਇਤਿਹਾਸ 2. ਸਾਜਨ ਦੇਸ਼ ਵਿਦੇਸ਼ੀਅੜੇ 3. ਸਿੱਖੀ ਸੋਚ ਦੇ ਪਹਿਰੇਦਾਰ 4. ਸਿੱਖ ਸਮਾਜ ਦੇ ਮਸਲੇ ਅਤੇ ਦੇਸ਼ ਵਿਦੇਸ਼ ਦੇ ਪ੍ਰਸਿੱਧ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਅਖਬਾਰਾਂ ਵਿਚ ਪ੍ਰਕਾਸ਼ਤ ਅਣਗਿਣਤ ਚਲੰਤ ਮਾਮਲਿਆਂ ਬਾਰੇ ਲੇਖ ਅਤੇ ਬੇਬਾਕ ਹੋ ਕੇ ਦਿੱਤੇ ਪ੍ਰਸੰਗਕ ਲੈਕਚਰਾਂ ਕਾਰਨ ਆਪ ਦਾ ਵਿਸ਼ਾਲ ਗਿਆਨ ਭੰਡਾਰ ਆਪ ਜੀ ਦੀ ਕਾਬਲੀਅਤ ਨੂੰ ਬੁਲੰਦੀਆਂ ਤੇ ਪਹੁੰਚਾਉਂਦਾ ਹੈ। ਬੇਸ਼ਕ ਆਪ ਜੀ ਅਜ਼ਾਦ ਸ਼ਖ਼ਸੀਅਤ ਦੇ ਮਾਲਕ ਹਨ ਪਰ ਫੇਰ ਵੀ ਹਰ ਪਾਰਟੀ ਦਾ ਸਿਆਸਦਾਨ ਆਪ ਜੀ ਦੀ ਲਿਆਕਤ ਅਤੇ ਸਾਫਗੋਈ ਦੀ ਕਦਰ ਕਰਦਿਆਂ ਆਪ ਜੀ ਦੇ ਇਸ਼ਾਰੇ ਦੀ ਉਡੀਕ ਵਿਚ ਹੁੰਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਪੇਚੀਦਾ ਵਿਦਿਆਰਥੀ ਅੰਦੋਲਨ ਸੁਲਝਾਉਣ ਵਾਲੇ ਹਰ ਸਮਸਿਆ ਦੇ ਸਮਾਧਾਨ ਦਾ ਨੁਸਖਾ ਸ੍ਰ:ਤਰਲੋਚਨ ਸਿੰਘ ਪਾਸ ਹੁੰਦਾ ਹੈ। ਆਪ ਜੀ ਦੇ ਇਹਨਾਂ ਗੁਣਾਂ ਸਨਮੁੱਖ ਹੀ ਭਾਰਤ ਸਰਕਾਰ ਨੇ ਆਪ ਜੀ ਨੂੰ 'ਪਦਮ ਭੂਸ਼ਣ' ਸਨਮਾਨ ਨਾਲ ਨਿਵਾਜਿਆ ਹੈ। ਹਾਲਾਂ ਕਿ ਆਪ ਜੀ ਸਿਕੇਬੰਦ ਪੰਥ ਪ੍ਰਸਤ ਹਨ ਅਤੇ ਸਿੱਖੀ ਪ੍ਰਤੀ ਆਪ ਜੀ ਦੀ ਪ੍ਰਤੀਬੱਧਤਾ, ਸਮਰਪਤਤਾ, ਸੁਹਿਰਦਤਾ ਜੱਗ ਜਾਹਰ ਹੈ।

ਸ੍ਰ:ਤਰਲੋਚਨ ਸਿੰਘ ਜੀ ਨੂੰ ਪ੍ਰਾਪਤ ਵਿਸ਼ੇਸ਼ ਸਨਮਾਨਾਂ ਦੀ ਗਿਣਤੀ ਅਥਾਹ ਹੈ। ਪਰੰਤੂ 'ਪਦਮ ਭੂਸਣ' ਦਾ ਇਹ ਸਨਮਾਨ ਸਮੁੱਚੀ ਕੌਮ ਦਾ ਸਨਮਾਨ ਹੈ ਜਿਸ ਲਈ ਸਮੁੱਚੀ ਕੌਮ ਵਲੋਂ ਆਪ ਜੀ ਵਧਾਈ ਪ੍ਰਾਪਤ ਕਰਨ ਦੇ ਹੱਕਦਾਰ ਹਨ।



# ਇਤਿਹਾਸਕ ਕਿਸਾਨੀ ਅੰਦੋਲਨ ਦੀਆਂ ਮੁੱਲਵਾਨ ਸਿਖਿਆਵਾਂ

-ਮਨਜੀਤ ਕੌਰ ਪੀ.ਆਰ.ਓ*



ਕੇਂਦਰ ਸਰਕਾਰ ਵਲੋਂ ਗੈਰ ਸੰਵਿਧਾਨਕ ਤੌਰ ਤੇ ਪਾਸ ਕੀਤੇ ਗਏ ਕਿਸਾਨ ਮਾਰੂ ਖੇਤੀ ਬਾੜੀ ਕਾਨੂੰਨਾਂ ਵਿਰੁੱਧ ਦਿੱਲੀ ਦੀਆਂ ਬਰੂਹਾਂ ਵਿਖੇ ਪਿਛਲੇ ਦੋ ਮਹੀਨਿਆਂ ਤੋਂ ਚੱਲ ਰਹੇ ਸਭ ਤੋਂ ਲੰਬੇ ਅਤੇ ਇਤਿਹਾਸਕ ਕਿਸਾਨੀ ਅੰਦੋਲਨ ਨੇ ਵਿਸ਼ਵ ਭਰ ਨੂੰ ਬਹੁਤ ਕੁੱਝ ਸਿਖਾਇਆ ਹੈ। ਹੱਕੀ ਮੋਰਚੇ ਦੌਰਾਨ ਪੰਜਾਬੀਆਂ ਨੇ ਆਪਣੇ ਗੁਰੂਆਂ ਦੀਆਂ ਸਿਖਿਆਵਾਂ ਦਾ ਅਮਲੀ ਰੂਪ ਵਿਚ ਪ੍ਰਚਾਰ ਕਰਕੇ ਸਮੁੱਚੀ ਦੁਨੀਆਂ ਵਿਚ ਇਕ ਨਿਵੇਕਲੀ ਪਛਾਣ ਬਣਾ ਲਈ ਹੈ। ਅੰਦੋਲਨ ਵਿਚ ਪੰਜਾਬੀਆਂ ਨੇ ਸਾਰੇ ਵਿਸ਼ਵ ਨੂੰ ਸਮਾਜ ਦਾ ਉਹ ਰੂਪ ਵਿਖਾਇਆ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੇ ਸੁਪਨਿਆਂ ਦਾ ਆਧਾਰ ਸੀ ਜਿਸ ਵਿਚ ਸਰਬੱਤ ਦਾ ਭਲਾ ਅਤੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਸੀ। ਇਹ ਅੰਦੋਲਨ ਮੂਲ ਰੂਪ ਵਿਚ ਸਿੱਖ ਸ਼ਕਤੀ, ਹੌਂਸਲੇ, ਭਾਈਚਾਰਕ ਸਾਂਝ, ਸਿੱਖ ਆਚਰਣ, ਬਹਾਦੁਰੀ, ਏਕਤਾ, ਨਿਸ਼ਕਾਮ ਸੇਵਾ ਭਾਵਨਾ ਦਾ ਪ੍ਰਤੀਕ ਬਣਕੇ ਉਭਰਿਆ ਅਤੇ ਇਸ ਅੰਦੋਲਨ ਨੇ ਵਿਸ਼ਵ ਦੇ ਹਰ ਵਰਗ ਦੀ ਹਮਦਰਦੀ ਅਤੇ ਸਤਿਕਾਰ ਪ੍ਰਾਪਤ ਕੀਤਾ ਅਤੇ ਸਿੱਖ ਕੌਮ ਨੂੰ ਮਾਨਵਤਾ ਦੇ ਰਾਖੇ ਵਜੋ ਸਨਮਾਨਿਆ ਗਿਆ। ਸੱਚ ਤਾਂ ਇਹ ਹੈ ਕਿ ਵਿਸ਼ਵ ਨੇ ਉਪਰੋਕਤ ਸਿੱਖ ਸਭਿਆਚਾਰ ਦੇ ਅਮਲੀ ਰੂਪ ਨੂੰ ਜਾਣਿਆਂ ਹੀ ਇਸ ਅੰਦੋਲਨ ਰਾਹੀਂ ਹੈ।ਕਿਸਾਨਾਂ ਨੇ ਸਿੱਖ ਫਲਸਫੇ ਅਤੇ ਸਭਿਆਚਾਰ ਅਤੇ ਪੁਰਖਿਆਂ ਦੀਆਂ ਕੁਰਬਾਨੀਆਂ ਅਤੇ ਬਹਾਦੁਰੀ ਨੂੰ ਦਿਲੋਂ ਆਪਣਾ ਪ੍ਰੇਰਨਾ ਸ੍ਰੋਤ ਸਮਝਿਆ। ਦੇਸ਼ ਦੇ ਸਮੁੱਚੇ ਕਿਸਾਨ ਜਗਤ ਭਾਵੇ ਉਹ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਉਤਰਾਖੰਡ, ਕੇਰਲ ਜਾਂ ਕਿਸੇ ਹੋਰ ਰਾਜ ਦੇ ਹੋਣ, ਉਹਨਾਂ ਖੁਲ੍ਹੇ ਦਿਲ ਨਾਲ ਪੰਜਾਬ ਦੀ ਸਿੱਖੀ ਸੋਚ ਵਾਲੀ ਅਗਵਾਈ ਨੂੰ ਸਵੀਕਾਰ ਕੀਤਾ ਹੈ। ਇਸ ਅੰਦੋਲਨ ਵਿਚ ਪੰਜਾਬੀ ਕਿਸਾਨਾਂ ਨੂੰ ਜਿਸ ਤਰ੍ਹਾਂ ਹਰਿਆਣਵੀ ਕਿਸਾਨ ਵਰਗ ਦਾ ਸਹਿਯੋਗ ਮਿਲਿਆ ਹੈ, ਉਸ ਨੇ ਦੋਹਾਂ ਵਿਚਾਲੇ ਸਾਰੀਆਂ ਕੁੜਤਣਾਂ, ਦੂਰੀਆਂ ਅਤੇ ਗੁੱਸੇ ਹਟਾ ਦਿੱਤੇ ਹਨ। ਇਥੇਂ ਇਹ ਵੀ ਵੇਖਣ ਨੂੰ ਮਿਲਿਆ ਕਿ ਦਿਲ ਦੇ ਅਮੀਰ ਕਿਸਾਨ ਦੁੱਖ ਵਿਚ ਸੁੱਖ ਮਨਾਉਣਾ ਵੀ ਜਾਣਦੇ ਹਨ।ਉਹਨਾਂ ਸੰਘਰਸ਼ ਸਥਾਨ ਤੇ ਆਪਣੇ ਗੁਰੂਆਂ ਦੇ ਜਨਮ ਦਿਹਾੜੇ, ਸ਼ਹੀਦੀਆਂ, ਸਮਾਜਕ ਤਿਉਹਾਰ ਅਤੇ ਵੱਖ-ਵੱਖ ਸਭਿਆਚਾਰਕ ਪ੍ਰੋਗਰਾਮ ਤੇ ਮੇਲੇ ਰੱਲ ਮਿਲ ਇੱਕਠੇ ਬੈਠਕੇ ਮਨਾਏ ਹਨ। ਸੰਘਰਸ਼ਕਾਰੀਆਂ ਨੇ ਜਿੱਥੇ ਅੰਦੋਲਨ ਸਥਾਨ ਤੇ ਦਿਨਾਂ ਵਿਚ ਹੀ ਮਹਿਕਦੇ ਫੁੱਲ-ਬੂਟੇ ਉਗ੍ਹਾਂ ਕੇ ਅਤੇ ਫਸਲਾਂ ਖੜ੍ਹੀਆਂ ਕਰਕੇ ਆਪਣਾ ਕੁੱਦਰਤ ਪ੍ਰੇਮ ਉਜਾਗਰ ਕੀਤਾ ਹੈ, ਉਥੇ ਦੋ ਮਹੀਨਿਆਂ ਤੋਂ ਚੱਲ ਰਹੇ ਲੱਖਾਂ ਦੀ ਗਿਣਤੀ ਵਾਲੇ ਅੰਦੋਲਨ ਵਿਚ ਉਹਨਾਂ ਵਲੋਂ ਕੀਤੇ ਗਏ ਸਫਾਈ, ਅਨੁਸ਼ਾਸਨ, ਸੁਰੱਖਿਆ ਦੇ ਪ੍ਰਬੰਧਾਂ ਦੀ ਸੋਝੀ ਵੀ ਬੇਮਿਸਾਲ ਸੀ।

ਅੰਦੋਲਨ ਦੌਰਾਨ ਨਾਰੀ ਸ਼ਕਤੀ ਦੀ ਹੁੰਕਾਰ ਵੀ ਵੇਖਣ ਨੂੰ ਮਿਲੀ ਜਦੋਂ ਪੰਜਾਬ ਅਤੇ ਹਰਿਆਣਾ ਦੀਆਂ ਧੀਆਂ ਨੇ ਅੰਦੋਲਨ ਵਿਚ ਹੋਸਲੇ ਅਤੇ ਬੁਲੰਦੀ ਨਾਲ ਆਪ ਟਰੈਕਟਰ ਚਲਾਕੇ ਉੱਚੀ ਅਵਾਜ ਵਿਚ ਆਪਣੇ ਹੱਕ ਲਈ ਸੱਤਾ ਨੂੰ ਲਲਕਾਰਿਆ ਅਤੇ ਮੋਰਚਿਆਂ ਦੀ ਅਗਵਾਈ ਕੀਤੀ। ਅੱਜ ਵੀ ਵੱਡੀ ਗਿਣਤੀ ਵਿਚ ਔਰਤਾਂ ਕਿਸਾਨੀ ਸੰਘਰਸ਼ ਵਿਚ ਦਿੱਲੀ ਪੁੱਜ ਰਹੀਆਂ ਹਨ ਜਿਥੇ ਉਹਨਾਂ ਨੂੰ ਕਦੇ ਅਸੁਰੱਖਿਆ ਦੀ ਭਾਵਨਾ ਮਹਿਸੂਸ ਨਹੀਂ ਹੋਈ। ਇਸ ਔਖੀ ਘੜੀ ਵਿਚ ਉੱਘੇ ਗਾਇਕਾਂ, ਗੀਤਕਾਰਾਂ, ਨਾਟਕਾਰਾਂ, ਕਵੀਆਂ ਅਤੇ ਲੇਖਕਾਂ ਦੀ ਭੂਮਿਕਾ ਵੀ ਸ਼ਲਾਘਾਯੋਗ ਰਹੀ ਹੈ ਜਿਹਨਾਂ ਨੇ ਨਾ ਕੇਵਲ ਆਪਣੀਆਂ ਰਚਨਾਵਾਂ ਰਾਹੀਂ ਅੰਦੋਲਨਕਾਰੀਆਂ ਦਾ ਉਤਸ਼ਾਹ ਅਤੇ ਜ਼ੋਸ਼ ਬਣਾਈ ਰਖਿਆ ਸਗੋਂ ਆਪ ਅੰਦੋਲਨ ਵਿਚ ਹਿੱਸਾ ਲੈ ਕੇ ਆਮ ਲੋਕਾਂ ਵਿੱਚ ਵਿਚਰਦਿਆਂ ਉਹਨਾਂ ਦੀ ਦੁੱਖ-ਪੀੜ੍ਹਾ ਨੂੰ ਦਿਲੋਂ ਮਹਿਸੂਸ ਕੀਤਾ। ਸੰਘਰਸ਼ ਵਿਚ ਕਿਸਾਨਾਂ ਵੱਲੋਂ ਖਾਣ-ਪੀਣ ਅਤੇ ਦਵਾਈਆਂ ਦੇ ਲੰਗਰਾਂ ਦੇ ਨਾਲ ਨਾਲ "ਖੂਨਦਾਨ" ਦੇ ਵੀ ਭਾਰੀ ਮਾਤਰਾ ਵਿਚ ਲੰਗਰ ਲਗਾਏ ਗਏ। ਬਹੁਤ ਦੁੱਖ ਦੀ ਗੱਲ ਹੈ ਕਿ ਲੋਕਾਈ ਦੀ ਸੇਵਾ ਕੇਂਦਰ ਬਣੇ ਦਿੱਲੀ ਸੰਘਰਸ਼ ਨੂੰ ਸਰਕਾਰੀ ਤੰਤਰ ਵਿਚ ਅੱਤਵਾਦੀ, ਵੱਖਵਾਦੀ ਜਾਂ ਖੂਨ ਦੇ ਪਿਆਸੇ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਗਿਆ, ਪ੍ਰੰਤੂ ਉਹ ਤਾਂ ਦੁਨੀਆ ਸਾਹਮਣੇ ਖੂਨਦਾਨੀ ਅਤੇ ਜੀਵਨਦਾਨੀ ਸਿੱਧ ਹੋ ਗਏ। ਇੱਥੋਂ ਤੱਕ ਕਿ ਪੰਜਾਬੀਆਂ ਨੇ ਭਾਈ ਘਨੱਈਆਂ ਦੀ ਸਿੱਖਿਆਵਾਂ ਤੇ ਚਲਦਿਆਂ ਆਪਣੇ ਤੇ ਤਸ਼ੱਦਦ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਵੀ ਲੰਗਰ ਛਕਾਏ।

ਇਸ ਅੰਦੋਲਨ ਨੇ ਸਪੱਸ਼ਟ ਕਰ ਦਿੱਤਾ ਕਿ ਅਜ਼ਾਦੀ ਦੇ 73 ਸਾਲ ਬੀਤ ਜਾਣ ਮਗਰੋਂ ਵੀ ਲੋਕਤੰਤਰ ਦਾ ਸੁੱਖ, ਸਿਰਫ ਸਿਆਸੀ ਲੋਕਾਂ ਲਈ ਹੀ ਰਾਖਵਾਂ ਹੈ। ਕੋਰੋਨਾ ਮਹਾਂਮਾਰੀ ਦੌਰਾਨ ਸਿੱਖ ਕੌਮ ਵਲੋਂ ਬਗੈਰ ਕਿਸੇ ਜਾਤੀ/ਨਸਲ/ਰੰਗ ਦੇ ਭੇਦ-ਭਾਵ ਤੋਂ ਮਨੁੱਖਤਾ ਦੀ ਸੇਵਾ ਕੀਤੀ ਗਈ ਪਰੰਤੂ ਜਦ ਉਹੀ ਸਿੱਖ ਕੌਮ ਆਪਣੇ ਹੱਕਾਂ ਲਈ ਖੜੀ ਹੋਈ ਤਾਂ ਸਰਕਾਰ ਵਲੋਂ ਮਨੁਖਤਾ ਦੀ ਸੇਵਾ ਨੂੰ ਜੁਰਮ ਕਰਾਰ ਦੇ ਦਿੱਤਾ ਗਿਆ ਅਤੇ ਹੱਕ ਮੰਗਣ ਵਾਲਿਆ ਨੂੰ ਦੇਸ਼ ਧ੍ਰੋਹੀ ਅੱਤਵਾਦੀ ਕਹਿ ਕੇ ਲੋਕਤੰਤਰ ਨੂੰ ਢਾਹ ਲਗਾਈ ਗਈ।

ਗਣਤੰਤਰ ਦਿਵਸ ਮੌਕੇ ਇਕ ਪਾਸੇ ਕਿਸਾਨਾਂ ਦੀ 5000 ਹਜ਼ਾਰ ਮੀਟਰ ਲੰਬੇ ਤਿਰੰਗੇ ਦੇ ਨਾਲ ਸ਼ਾਤਮਈ ਟਰੈਕਟਰ ਪਰੇਡ ਸਮੇਂ ਤਿਰੰਗੇ ਝੰਡੇ ਦੀ ਸ਼ਾਨ ਅਤੇ ਕਿਸਾਨੀ ਝੰਡੇ ਦੀ ਆਨ ਨੂੰ ਉੱਚਾ ਰੱਖਿਆ ਗਿਆ, ਪਰੰਤੂ ਦੂਜੇ ਪਾਸੇ ਕੁਝ ਸ਼ਰਾਰਤੀ ਅਨਸਰਾਂ ਵਲੋਂ ਲਾਲ ਕਿਲ੍ਹੇ ਵਿਖੇ ਹੋਛੀ ਸਾਜਿਸ਼ ਅਧੀਨ ਅੰਦੋਲਨ ਨੂੰ ਫੇਲ ਕਰਨ ਲਈ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸ ਔਖੀ ਘੜੀ ਸਮੇਂ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਧੁਰ ਦਿੱਲੋਂ ਉਠਦੀ ਹੂਕ ਨੂੰ ਪ੍ਰਗਟਾਉਂਦੇ ਹੰਝੂਆਂ ਅਤੇ ਭਾਵੁਕ ਸ਼ਬਦਾਂ ਨੇ ਕਿਸਾਨੀ ਅੰਦੋਲਨ ਦੇ ਇਤਿਹਾਸ ਦਾ ਉਹ ਸਫਾ ਲਿਖ ਦਿੱਤਾ ਜਿਸ ਵਿਚ ਸਿਦਕ, ਹਾਰ ਨਾ ਮੰਨਣ ਦਾ ਸਿਰੜ ਅਤੇ ਆਪਣੇ ਮਨੋਰਥ ਵਿਚ ਵਿਸ਼ਵਾਸ ਰੱਖਣ ਦਾ ਬੱਲ ਸੀ ਅਤੇ ਜਿਸ ਨੇ ਕਿਸਾਨਾਂ ਦੇ ਡੋਲਦੇ ਹੋਏ ਵਿਸ਼ਵਾਸ ਨੂੰ ਮੁੜ ਸੰਭਾਲਿਆ ਅਤੇ ਸਿੱਧ ਕਰ ਦਿੱਤਾ ਕਿ ਆਗੂਆਂ ਦੇ ਸ਼ਬਦ, ਭਾਸ਼ਣ ਅੰਦੋਲਨ ਵਿਚ ਨਵੀਂ ਊਰਜਾ ਅਤੇ ਸ਼ਕਤੀ ਲਿਆਉਣ ਦੇ ਨਾਲ-ਨਾਲ ਨਿਰਣਾਇਕ ਪ੍ਰਭਾਵ ਪਾਉਣ ਦੀ ਸਮਰੱਥਾ ਰੱਖਦੇ ਹਨ ਅਤੇ ਆਗੂ ਸਿਦਕਵਾਨ ਅਤੇ ਇਤਿਹਾਸ ਦੇ ਲਿਖਣਹਾਰ ਵੀ ਹੁੰਦੇ ਹਨ। ਟਿਕੈਤ ਦੇ ਅੱਥਰੂਆਂ ਨੇ ਅੰਦੋਲਨ ਦੀ ਮਸ਼ਾਲ ਮਘਾ ਕੇ ਅੰਦੋਲਨ ਨੂੰ ਇਕ ਵਾਰੀ ਫਿਰ ਤੋਂ ਟਿਕਾ ਦਿੱਤਾ। ਦਿੱਲੀ ਸੰਘਰਸ਼ ਵਿਚ ਇਹ ਵੀ ਸਿੱਧ ਹੋਇਆ ਕਿ ਕਿਸੇ ਵੀ ਗੈਰ ਧਾਰਮਿਕ ਅਤੇ ਗੈਰ ਸਿਆਸੀ ਅੰਦੋਲਨਾਂ ਵਿਚ ਜਦੋਂ ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ, ਪੰਚਾਇਤਾਂ ਅਤੇ ਆਮ ਭਾਈਚਾਰੇ ਦੀਆਂ ਸੰਗਠਨ ਸ਼ਕਤੀਆਂ ਰੱਲ ਜਾਂਦੀਆਂ ਹਨ ਤਾਂ ਸਰਕਾਰਾਂ ਲਈ ਇਸ ਨੂੰ ਹਰਾਉਣਾ ਸੌਖਾ ਨਹੀ ਹੁੰਦਾ। ਜੇਕਰ ਸਰਕਾਰ ਵਲੋਂ ਸਿੰਘੂ ਬਾਰਡਰ ਤੇ ਬਿਜਲੀ, ਪਾਣੀ, ਇੰਟਰਨੈਟ ਕੱਟਿਆ ਗਿਆ ਹੈ ਤਾਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਜਨਰੈਟਰਾਂ ਰਾਹੀਂ ਬਿਜਲੀ ਅਤੇ ਹੋਰ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਸਰਕਾਰ ਵਲੋਂ ਅੰਦੋਲਨ ਨਾਕਾਮ ਕਰਨ ਦੀ ਹਰ ਕੋਸ਼ਿਸ਼ ਫੇਲ ਹੋ ਰਹੀ ਹੈ।

ਸੰਘਰਸ਼ ਦੇ ਨਤੀਜੇ ਵਜੋਂ ਹੀ ਲੋਕਤੰਤਰ ਦੇ ਪ੍ਰਤੀਕ ਲਾਲ ਕਿਲ੍ਹੇ ਤੇ ਝੂਲਾਏ ਗਏ ਨਿਸ਼ਾਨ ਸਾਹਿਬ ਦੀ ਮਹੱਤਤਾ ਨੇ ਸਾਰੇ ਵਿਸ਼ਵ ਦਾ ਧਿਆਨ ਆਪਣੇ ਵੱਲ ਖਿਚਿਆ ਹੈ ਜਿਸ ਨੂੰ ਸਥਾਨਕ ਸਰਕਾਰਾਂ ਨੇ ਦੇਸ਼ ਧ੍ਰੋਹ ਦੀ ਕਾਰਵਾਈ ਕਰਾਰ ਦਿੱਤਾ ਪ੍ਰੰਤੂ ਗੁਰਦੁਆਰਿਆਂ ਵਿਚ ਝੁੱਲਦੇ ਅਤੇ ਵਿਦੇਸ਼ਾਂ ਵਿਚ ਰਾਸ਼ਟਰੀ ਝੰਡਿਆਂ ਦੇ ਨਾਲ ਸ਼ਾਨ ਸਹਿਤ ਲਗਾਏ ਗਏ ਪਵਿੱਤਰ ਨਿਸ਼ਾਨ ਸਾਹਿਬ ਦੀ ਮਾਨਤਾ ਵਿਸ਼ਵ ਭਰ ਵਲੋ ਸਰਬੱਤ ਦੇ ਭਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਸਾਂਝੀਵਾਲਤਾ ਦੇ ਉਪਦੇਸ਼ ਵਜੋਂ ਸਵੀਕਾਰੀ ਗਈ ਹੈ।

ਅੱਜ ਵੀ ਅੰਦੋਲਨ ਸਿਖਰਾਂ ਨੂੰ ਛੂਹ ਰਿਹਾ ਹੈ ਅਤੇ ਕਿਸਾਨ ਹਿਤੈਸ਼ੀਆਂ ਵਲੋਂ ਲਗਾਤਾਰ ਕਿਸਾਨਾਂ ਦੀ ਫ਼ਤਹਿਯਾਬੀ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਲੋਕ ਰਾਜ ਸਰਕਾਰ ਵਲੋਂ ਆਪਣੇ ਹੱਕਾਂ ਲਈ ਬੈਠੇ ਗੈਰ ਧਾਰਮਿਕ/ਗੈਰ ਸਿਆਸੀ ਦੁੱਖੀ ਵਰਗ ਨਾਲ ਉਹਨਾਂ ਦੀਆਂ ਜਾਇਜ ਮੰਗਾਂ ਪ੍ਰਤਿ ਕਠੋਰ ਰਵੱਈਆਂ ਧਾਰਨ ਕਰਨਾ ਸਹੀ ਨਹੀ ਹੈ। ਅੱਜ ਨਹੀਂ ਤਾਂ ਕੱਲ ਸਰਕਾਰ ਨੂੰ ਗਰੀਬ ਕਿਸਾਨਾਂ ਦੇ ਹੰਝੂਆਂ, ਅਸਹਿ ਪੀੜਾਂ-ਦਰਦਾਂ ਅਤੇ ਉਹਨਾਂ ਦੀਆਂ ਸ਼ਹਾਦਤਾਂ ਦਾ ਮੁੱਲ ਕਾਨੂੰਨ ਰੱਦ ਕਰਕੇ ਮੋੜਨਾ ਹੀ ਪੈਣਾ ਹੈ। ਸੋ ਸਰਕਾਰ ਨੂੰ ਦਮਨਕਾਰੀ ਨੀਤੀਆਂ ਨਾ ਅਪਣਾਉਂਦਿਆਂ ਕਿਸਾਨ ਆਗੂਆਂ ਨਾਲ ਗੱਲਬਾਤ ਕਰਕੇ ਸਮੱਸਿਆ ਦਾ ਜਲਦ ਹੱਲ ਕਰ ਦੇਣਾ ਚਾਹੀਦਾ ਹੈ। ਕਿਸਾਨਾਂ ਨੂੰ ਦੁਨੀਆਂ ਦੇ ਹਰ ਵਰਗ ਦੇ ਭਰਵੇ ਸਮਰਥਨ ਮਿਲਣ ਤੋਂ ਬਾਅਦ ਸਾਫ਼ ਹੈ ਕਿ ਨਤੀਜਾ ਕੁੱਝ ਵੀ ਹੋਵੇ, ਨੈਤਿਕ ਤੌਰ ਤੇ ਕਿਸਾਨਾਂ ਵਲੋਂ ਦਿੱਲੀ ਦੇ ਨਾਲ-ਨਾਲ ਦਿੱਲ ਵੀ ਜਿੱਤੇ ਜਾ ਚੁੱਕੇ ਹਨ।

## ਸ੍ਰ: ਤਰਲੋਚਨ ਸਿੰਘ ਨੂੰ "ਪਦਮ ਭੂਸ਼ਣ-2021" ਪੁਰਸਕਾਰ ਸਮੁਚੀ ਕੌਮ ਦਾ ਮਾਣ ਸਨਮਾਨ ਹੈ- ਨਿਰਮਲ ਸਿੰਘ




ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵਲੋਂ ਉਘੇ ਸਿੱਖ ਬੁੱਧੀਜੀਵੀ ਸ੍ਰ:ਤਰਲੋਚਨ ਸਿੰਘ ਜੋ ਕਿ ਸਾਬਕਾ ਰਾਜ ਸਭਾ ਮੈਂਬਰ ਅਤੇ ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ (ਦਰਜਾ: ਕੇਂਦਰੀ ਮੰਤਰੀ, ਭਾਰਤ ਸਰਕਾਰ) ਵਜੋਂ ਸੇਵਾਵਾਂ ਨਿਭਾ ਚੁੱਕੇ ਹਨ, ਨੂੰ ਕੇਂਦਰ ਸਰਕਾਰ ਵਲੋ ਪਦਮ ਭੂਸ਼ਣ-2021 ਐਵਾਰਡ ਨਾਲ ਸਨਮਾਨਿਤ ਕੀਤੇ ਜਾਣ ਦੇ ਫੈਸਲੇ ਦਾ ਪੁਰਜ਼ੋਰ ਸੁਆਗਤ ਕੀਤਾ ਗਿਆ। ਮੁੱਖ ਦਫ਼ਤਰ ਤੋਂ ਜਾਰੀ ਬਿਆਨ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਕੌਮ ਦੇ ਹੀਰੇ ਸ੍ਰ:ਤਰਲੋਚਨ ਸਿੰਘ ਵਲੋਂ ਰਾਸ਼ਟਰ ਹਿੱਤ ਅਤੇ ਵਿਕਾਸ, ਪੰਜਾਬ, ਪੰਜਾਬੀਅਤ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਗਏ ਵੱਡਮੁੱਲੇ ਯਾਦਗਾਰੀ ਕਾਰਜਾਂ ਅਤੇ ਹੋਰ ਵਿਲੱਖਣ ਪ੍ਰਾਪਤੀਆਂ ਨੂੰ ਵੇਖਦਿਆਂ ਉਹਨਾਂ ਨੂੰ ਕੇਂਦਰ ਸਰਕਾਰ ਵਲੋਂ ਪਦਮ ਭੂਸ਼ਣ ਐਵਾਰਡ ਨਾਲ ਸਨਮਾਨਿਤ ਕੀਤੇ ਜਾਣਾ ਕੌਮ ਲਈ ਬੜੇ ਮਾਣ ਵਾਲੀ ਗੱਲ ਹੈ। ਉਹਨਾਂ ਨੇ ਕਿਹਾ ਕਿ ਦੇਸ਼ ਦੇ ਰਾਸ਼ਟਰਪਤੀ ਦੇ ਪ੍ਰੈਸ ਸਕੱਤਰ ਰਹੇ ਸ੍ਰ: ਤਰਲੋਚਨ ਸਿੰਘ ਦਾ ਚੀਫ਼ ਖ਼ਾਲਸਾ ਦੀਵਾਨ ਨਾਲ ਵੀ ਲੰਬੇ ਅਰਸੇ ਤੋਂ ਖਾਸ ਸੰਬੰਧ ਰਿਹਾ ਹੈ ਅਤੇ ਉਹਨਾਂ ਵਲੋਂ ਚੀਫ਼ ਖ਼ਾਲਸਾ ਦੀਵਾਨ ਸਮਾਗਮਾਂ ਵਿਚ ਖਾਸ ਤੌਰ ਤੇ ਸ਼ਮੂਲੀਅਤ ਕਰਕੇ ਦੀਵਾਨ ਦੀ ਬਿਹਤਰੀ ਅਤੇ ਪ੍ਰਾਜੇਕਟਾਂ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ।

ਇਸ ਮੋਕੇ ਸੀ.ਕੇ.ਡੀ ਸਕੂਲਜ਼ ਚੇਅਰਮੈਨ ਸ੍ਰ: ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਡਾ:ਇੰਦਰਬੀਰ ਸਿੰਘ ਨਿੱਜਰ, ਕਾਰਜਕਾਰੀ ਆਨਰੇਰੀ ਸਕੱਤਰ ਸ੍ਰ: ਅਜੀਤ ਸਿੰਘ ਬਸਰਾ ਨੇ ਸਾਂਝੇ ਤੌਰ ਤੇ ਕਿਹਾ ਕਿ ਸ੍ਰ:ਤਰਲੋਚਨ ਸਿੰਘ ਨੇ ਵਿਸ਼ਵ ਭਰ ਦੇ ਸਿੱਖਾਂ ਲਈ ਫਖ਼ਰਯੋਗ ਤੇ ਜਿਕਰਯੋਗ ਕੰਮ ਕੀਤੇ ਹਨ। ਜਿਥੇ ਉਹਨਾਂ ਅਫਗਾਨਿਸਤਾਨ ਤੋਂ ਸਿੱਖਾਂ ਦੇ ਬਚਾਅ ਅਤੇ ਨਿਪਟਾਰੇ ਲਈ ਯਤਨ ਕੀਤੇ, ਉਥੇ ਉਹਨਾਂ ਸਿੱਖ ਇਤਿਹਾਸ ਉਤੇ ਅਜਾਇਬ ਘਰਾਂ ਦੇ ਵਿਕਾਸ ਅਤੇ ਦੇਸ਼-ਵਿਦੇਸ਼ ਦੀਆਂ ਯਾਤਰਾਵਾਂ ਕਰਕੇ ਲੋਕਾਂ ਨੂੰ ਸਿੱਖ ਧਰਮ ਦੀਆਂ-ਸਿਖਿਆਵਾਂ ਅਤੇ ਕਦਰਾਂ ਕੀਮਤਾਂ ਬਾਰੇ ਜਾਗਰੂਕ ਕੀਤਾ ਹੈ। ਦਿੱਲੀ ਟੂਰਿਜ਼ਮ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਸ਼ਲਾਘਾਯੋਗ ਸੇਵਾਵਾਂ ਨਿਭਾਉਂਦਿਆਂ ਉਹਨਾਂ ਨੂੰ ਪੈਸਫਿਕ ਏਸ਼ੀਆ ਟ੍ਰੈਵਲ ਐਸੋਸੀਏਸ਼ਨ ਦੇ ਗੋਲਡ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਗੌਰਤਲਬ ਹੈ ਕਿ ਸ੍ਰ: ਤਰਲੋਚਨ ਸਿੰਘ ਨੂੰ ਪਹਿਲਾਂ ਵੀ ਰਾਸ਼ਟਰਪਤੀ ਵਲੋਂ ਏਸ਼ਿਆਡ ਵਸ਼ਿਸ਼ਟ ਜਯੋਤੀ ਅਵਾਰਡ, ਇੰਦਰਾ ਗਾਂਧੀ ਐਵਾਰਡ ਆਫ਼ ਐਕਸੀਲੈਂਸ ਅਤੇ ਪੰਜਾਬ ਸਰਕਾਰ ਵਲੋਂ ਪੰਜਾਬੀ ਸਭਿਆਚਾਰ ਦੀ ਤਰੱਕੀ ਲਈ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ।

## ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਵਿਚ ਸਿਖਿਆ ਦੇਣ ਦੀ ਦੀਵਾਨ ਵੱਲੋਂ ਸ਼ਲਾਘਾ

ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਵਲੋਂ ਤਕਨੀਕੀ ਸਿੱਖਿਆ ਮਾਂ ਬੋਲੀ ਪੰਜਾਬੀ ਵਿਚ ਮਹੁੱਈਆ ਕਰਾਉਣ ਦੀ ਪਹਿਲਕਦਮੀ ਦਾ ਸੁਆਗਤ ਕੀਤਾ। ਜਾਰੀ ਬਿਆਨ ਵਿਚ ਦੀਵਾਨ ਅਹੁਦੇਦਾਰਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਨੂੰ ਪ੍ਰਫੁਲਿਤ ਕਰਨ ਦੇ ਯਤਨਾ ਤਹਿਤ ਵਿਦਿਆਰਥੀਆਂ ਲਈ ਤਕਨੀਕੀ ਸਿੱਖਿਆ ਦੀ ਵੱਖ-ਵੱਖ ਟਰੇਡਾਂ ਦੀਆਂ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕਰਵਾਉਣ ਅਤੇ ਕੇਂਦਰ ਵਲੋਂ ਸੂਬਾ ਵਿਦਿਆਰਥੀਆਂ ਲਈ ਪੰਜਾਬੀ ਵਿੱਚ ਪ੍ਰਸ਼ਨ ਪੱਤਰ ਭੇਜਣ ਦੀ ਵਿਵਸਥਾ ਕਰਵਾਉਣ ਨੂੰ ਇਕ ਸ਼ਲਾਘਾਯੋਗ ਪਹਿਲ ਕਦਮੀ ਕਰਾਰ ਦਿੱਤਾ। ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਸ੍ਰ:ਨਿਰਮਲ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੀ ਗਿਆਨ ਪ੍ਰਾਪਤੀ ਦੀ ਪ੍ਰਕਿਰਿਆ ਜਿੰਨੀ ਸੌਖੀ, ਸਹਿਜਤਾ ਅਤੇ ਜਲਦੀ ਆਪਣੀ ਮਾਂ-ਬੋਲੀ ਵਿਚ ਕੀਤੀ ਜਾ ਸਕਦੀ ਹੈ, ਉਹ ਹੋਰ ਕਿਸੇ ਭਾਸ਼ਾ ਵਿਚ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਹੋਰਨਾਂ ਭਾਸ਼ਾਵਾਂ ਦੇ ਨਾਲ-ਨਾਲ ਬੱਚਿਆਂ ਨੂੰ ਆਪਣੀ ਮਾਤ-ਭਾਸ਼ਾ ਦਾ ਮਾਣ-ਸਤਿਕਾਰ ਕਾਇਮ ਰੱਖਦਿਆਂ ਪੰਜਾਬੀ ਬੋਲਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿਉਂਕਿ ਮਾਂ ਬੋਲੀ ਕਿਸੇ ਇਨਸਾਨ ਦੀ ਨਿਜੀ, ਸਮਾਜਿਕ ਅਤੇ ਸਭਿਆਚਾਰਕ ਪਛਾਣ ਹੁੰਦੀ ਹੈ।

ਸੀ.ਕੇ.ਡੀ ਸਕੂਲਜ਼ ਚੇਅਰਮੈਨ ਸ੍ਰ:ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ, ਕਾਰਜਕਾਰੀ ਆਨਰੇਰੀ ਸਕੱਤਰ ਸ੍ਰ:ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ:ਇੰਦਰਬੀਰ ਸਿੰਘ ਨਿੱਜਰ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀ ਜਿਸ ਵਿਚ ਗੁਰੂਆਂ ਨੇ ਇਲਾਹੀ ਬਾਣੀ ਦੀ ਰਚਨਾ ਕੀਤੀ ਅਤੇ ਜਿਹੜੀ ਮਾਨਵਤਾ ਲਈ ਮਾਰਗ ਦਰਸ਼ਕ ਬਣੀ, ਉਸ ਤੋਂ ਅਜੋਕੀ ਪੀੜੀ ਦੂਰ ਹੁੰਦੀ ਜਾ ਰਹੀ ਹੈ।

## ਆਸਟਰੇਲੀਆ ਦਿਹਾੜੇ ਤੇ ਸਿੱਖ ਗੁਰਦੁਵਾਰੇ ਨੂੰ ਸਲਾਨਾ ਪੁਰਸਕਾਰ ਨਾਲ ਨਿਵਾਜਿਆ

ਪਛਮੀ ਆਸਟਰੇਲੀਆ ਦੇ ਸਿੱਖ ਗੁਰਦੁਆਰਾ ਪਰਥ, ਬੈਨੇਟ ਸਪਰਿੰਗਜ਼ ਨੂੰ ਆਸਟਰੇਲੀਆ ਦਿਵਸ ਤੇ ਰਾਸ਼ਟਰੀ ਭਾਈਚਾਰਕ ਨਾਗਰਿਕਤਾ ਸਲਾਨਾ ਪੁਰਸਕਾਰ ਪ੍ਰਾਪਤ ਹੋਇਆ। ਇਹ ਸਨਮਾਨ ਡਬਲਿਊਏ ਆਸਟਰੇਲੀਆ ਦਿਵਸ ਕਾਊਂਸਲ ਦੁਆਰਾ ਸਰਗਰਮ ਨਾਗਰਿਕਤਾ ਪੁਰਸਕਾਰ ਦੀ ਸ੍ਰੇਣੀ 'ਚ ਕੌਸ਼ਲ ਸਵਾਨ ਦੁਆਰਾ ਲੋੜਵੰਦ ਲੋਕਾਂ ਲਈ ਕਰੋਨਾ ਮਹਾਮਾਰੀ ਦੌਰਾਨ ਗੁਰੂਘਰ ਵਲੋਂ ਮੁਫ਼ਤ ਖਾਣਾ ਮੁਹਿੰਮ ਤਹਿਤ ਦਿੱਤਾ ਗਿਆ।

ਗੁਰਦੁਆਰਾ ਕਮੇਟੀ ਮੈਂਬਰ ਜਰਨੈਲ ਸਿੰਘ ਭੌਰ ਨੇ ਦੱਸਿਆ ਕਿ ਹੁਣ ਤੱਕ ਤੀਹ ਹਜਾਰ ਗੁਰੂਘਰ 'ਚ ਕੀਤੇ ਭੋਜਨ ਦੇ ਪੈਕਟ ਸਥਾਨਕ ਪਧਰਾਂ ਗੈਰ ਮੁਨਾਫ਼ਾ ਸੰਗਠਨਾਂ ਦੁਆਰਾ ਬੇਘਰੇ ਅਤੇ ਆਸਟਰੇਲੀਆ ਮੂਲ ਦੇ ਆਦਿਵਾਸੀ ਭਾਈਚਾਰੇ ਨੂੰ ਮੁਹੱਈਆ ਕਰਵਾਏ ਗਏ ਹਨ। ਇਸ ਕਾਰਜ ਲਈ ਸਥਾਨਕ ਭਾਈਚਾਰੇ, ਵੱਖ-ਵੱਖ ਕੌਂਸਲਰਾਂ ਦੁਆਰਾ ਦਾਨ ਦੇ ਰੂਪ 'ਚ ਭੋਜਨ ਸਮੱਗਰੀ ਅਤੇ ਰਕਮ ਦਿੱਤੀ ਗਈ, ਉੱਥੇ ਹੀ ਸਵੈਨ ਕੌਸ਼ਲ ਨੇ 2700 ਡਾਲਰ ਗੁਰਦੁਆਰਾ ਸਾਹਿਬ ਨੂੰ ਦਿਤੇ। ਹੁਣ ਵੀ 1000 ਭੋਜਨ ਦੇ ਪੈਕਟ ਪ੍ਰਤੀ ਹਫ਼ਤਾ ਵੰਡੇ ਜਾ ਰਹੇ ਹਨ।

ਗੁਰਦੁਆਰੇ ਦੀ ਮੁੱਖ ਪ੍ਰਬੰਧਕ ਸੇਵਾਦਾਰ ਨਵਤੇਜ਼ ਕੌਰ ਉੱਪਲ ਨੇ ਇਸ ਮਹਾਨ ਸੇਵਾ ਲਈ ਪਰਥ ਦੀ ਸਮੁੱਚੀ ਸਿੱਖ ਸੰਗਤ ਤੇ ਲੰਗਰ ਸੇਵਾਦਾਰਾਂ ਸਮੇਤ ਸਥਾਲਕ ਭਾਈਚਾਰੇ ਦਾ ਵਿਸ਼ੇਸ ਧੰਨਵਾਦ ਕੀਤਾ।





## ਦੀਵਾਨ ਵਲੋਂ ਹਸਪਤਾਲ ਦੀਆ ਸੇਵਾਵਾਂ ਮੁੜ ਤੋਂ ਆਰੰਭ

ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਦੇ ਕੈਂਪਸ ਵਿਚ ਸਥਾਪਿਤ ਕੀਤੇ ਗਏ ਚੈਰੀਟੇਬਲ ਹਸਪਤਾਲ ਦੀਆਂ ਸੇਵਾਵਾਂ ਦਾ ਮੁੜ ਆਰੰਭ ਕੀਤਾ ਗਿਆ। ਜਿਕਰਯੋਗ ਹੈ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ, ਜੋ ਕਿ ਸੱਗੂ ਬਿਲਡਿੰਗ ਜੀ.ਟੀ.ਰੋਡ ਵਿਖੇ ਚੱਲ ਰਿਹਾ ਸੀ, ਨੂੰ ਮਰੀਜਾਂ ਦੀ ਸਹੂਲਤ ਲਈ ਚੀਫ਼ ਖ਼ਾਲਸਾ ਦੀਵਾਨ ਮੁੱਖ ਕੈਂਪਸ ਵਿਖੇ ਸਿਫ਼ਟ ਕੀਤਾ ਗਿਆ ਹੈ ਜਿਥੇ ਅਜ ਦੀਵਾਨ ਅਹੁਦੇਦਾਰਾਂ ਅਤੇ ਹੋਰਨਾਂ ਮੈਂਬਰ ਸਾਹਿਬਾਨ ਵਲੋਂ ਗੁਰੂ ਚਰਨਾਂ ਵਿਚ ਅਰਦਾਸ ਕਰਨ ਉਪਰੰਤ ਹਸਪਤਾਲ ਦੀਆਂ ਸੇਵਾਵਾਂ ਮੁੜ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਸ੍ਰ:ਨਿਰਮਲ ਸਿੰਘ ਨੇ ਦੱਸਿਆ ਕਿ ਇਸ ਹਸਪਤਾਲ ਵਿਚ ਹਾਈਟੈਕ ਡੈਂਟਲ ਵਿੰਗ, ਫਿਜਿਓਥੈਰਿਪੀ ਵਿੰਗ, ਹੋਮਿਓਪੈਥਿਕ ਵਿੰਗ ਸ਼ੁਰੂ ਕੀਤੇ ਗਏ ਹਨ ਜੋ ਕਿ ਅਤਿ ਆਧੁਨਿਕ ਸੁਵਿਧਾਵਾਂ ਅਤੇ ਮੈਡੀਕਲ ਉਪਕਰਨਾਂ ਨਾਲ ਸੁਸਜਿਤ ਹਨ। ਇਸ ਤੋਂ ਇਲਾਵਾ ਹਸਪਤਾਲ ਵਿਚ ਡਿਜੀਟਲ ਐਕਸ-ਰੇ ਮਸ਼ੀਨ ਅਤੇ ਲੈਬਾਰਟਰੀ ਵੀ ਸਥਾਪਿਤ ਕੀਤੀ ਗਈ ਹੈ ਜਿਥੇ ਮਰੀਜਾਂ ਦੇ ਹਰ ਤਰ੍ਹਾਂ ਦੇ ਲੈਬ ਟੈਸਟ ਬਹੁਤ ਹੀ ਵਾਜਿਬ ਰੇਟਾਂ ਵਿਚ ਕੀਤੇ ਜਾਂਦੇ ਹਨ। ਉਹਨਾਂ ਨੇ ਦੱਸਿਆ ਕਿ ਹਸਪਤਾਲ ਵਿਚ ਵੱਖ-ਵੱਖ ਸਪੈਸ਼ਲਿਟੀ ਦੇ ਮਾਹਿਰ ਡਾਕਟਰ ਵੀ ਨਿਸ਼ਚਿਤ ਸਮੇਂ ਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਉਹਨਾਂ ਨੇ ਕਿਹਾ ਕਿ ਅੱਗੋਂ ਵੀ ਚੀਫ਼ ਖ਼ਾਲਸਾ ਦੀਵਾਨ ਆਧੁਨਿਕ ਸਮੇਂ ਦੀ ਲੋੜ ਅਨੁਸਾਰ ਹਸਪਤਾਲ ਦੀਆਂ ਸੁਵਿਧਾਵਾਂ ਅਤੇ ਤਕਨੀਕਾਂ ਦੇ ਨਵੀਨੀਕਰਨ ਲਈ ਹਮੇਸ਼ਾਂ ਯਤਨਸ਼ੀਲ ਰਹੇਗਾ।

ਹਸਪਤਾਲ ਦੇ ਚੇਅਰਮੈਨ ਡਾ:ਇੰਦਰਬੀਰ ਸਿੰਘ ਨਿੱਜਰ, ਜੋ ਕਿ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਵੀ ਹਨ, ਨੇ ਕਿਹਾ ਕਿ ਹਸਪਤਾਲ ਡੈਂਟਲ ਵਿੰਗ ਵਿਚ ਅਲਟਾਮਾਡਰਨ ਡਿਜੀਟਲ ਆਰ.ਵੀ.ਜੀ ਕੰਪੈਟੀਬਲ ਡਿਜੀਟਲ ਐਕਸ-ਰੇ ਮਸ਼ੀਨ, ਡਰਾਈ ਆਟੋ ਸਟਰਲਾਈਜ਼ਰ, ਐਪੈਕਸ ਲੋਕੇਟਰ, ਯੂ.ਵੀ ਕੈਬੀਨਟ ਅਤੇ ਹੋਰ ਮੈਡੀਕਲ ਉਪਕਰਨ ਵੀ ਉਪਲਬਧ ਹਨ ਜਿਸ ਰਾਹੀਂ ਦੰਦਾਂ ਦਾ ਇਲਾਜ਼ ਬਹੁਤ ਹੀ ਸੁਖਾਲਾ, ਸੁਰੱਖਿਅਤ ਅਤੇ ਦਰਦ ਰਹਿਤ ਹੋ ਜਾਂਦਾ ਹੈ ਅਤੇ ਸਮਾਇਲ ਐਂਡ ਫ੍ਰੈਕਚਰ ਦੰਦਾਂ ਦੀ ਡਿਜਾਇਨਿੰਗ, ਐਲ.ਈ.ਡੀ ਫਿਲਿੰਗ, ਅਲਟਰਾਸੋਨਿਕ ਸਕੇਲਿੰਗ ਅਤੇ ਦੰਦਾਂ ਸਬੰਧੀ ਹੋਰ ਮਹਿੰਗੇ ਇਲਾਜ ਬਹੁਤ ਘੱਟ ਰੇਟਾਂ ਵਿਚ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਫਿਜਿਓਥੈਰਿਪੀ ਵਿੰਗ ਵਿਚ ਹਰ ਤਰ੍ਹਾਂ ਦੀ ਆਧੁਨਿਕ ਮਸ਼ੀਨਾਂ ਰਾਹੀਂ ਘੱਟ ਰੇਟਾਂ ਵਿਚ ਇਲਾਜ ਕੀਤਾ ਜਾਂਦਾ ਹੈ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ:ਨਿਰਮਲ ਸਿੰਘ, ਸੀ.ਕੇ.ਡੀ ਸਕੂਲਜ਼ ਚੇਅਰਮੈਨ ਸ੍ਰ:ਭਾਗ ਸਿੰਘ ਅਣਖੀ, ਆਨਰੇਰੀ ਸਕੱਤਰ ਸ੍ਰ:ਸਵਿੰਦਰ ਸਿੰਘ ਕੱਥੂਨੰਗਲ ਅਤੇ ਕਾਰਜਕਾਰੀ ਆਨਰੇਰੀ ਸਕੱਤਰ ਸ੍ਰ:ਅਜੀਤ ਸਿੰਘ ਬਸਰਾ ਅਤੇ ਹੋਰਨਾਂ ਮੈਂਬਰ ਸਾਹਿਬਾਨਾਂ ਨੇ ਆਸ ਕੀਤੀ ਕਿ ਹਸਪਤਾਲ ਚੇਅਰਮੈਨ ਡਾ:ਇੰਦਰਬੀਰ ਸਿੰਘ ਨਿੱਜਰ ਅਤੇ ਮੈਂਬਰ ਇੰਚਾਰਜ ਸ੍ਰ:ਜਸਪਾਲ ਸਿੰਘ ਢਿੱਲੋਂ ਦੀ ਦੇਖਰੇਖ ਅਤੇ ਕੁਸ਼ਲ ਪ੍ਰਬੰਧਨ ਹੇਠ ਹਸਪਤਾਲ ਵਿਚ ਮਰੀਜਾਂ ਦੀ ਹਰ ਸਹੂਲਤ ਦਾ ਖਾਸ ਧਿਆਨ ਰੱਖਿਆ ਜਾਵੇਗਾ। ਇਸ ਮੋਕੇ ਦੀਵਾਨ ਅਹੁਦੇਦਾਰਾਂ ਨੇ ਹਸਪਤਾਲ ਸਟਾਫ਼ ਨੂੰ ਨਿਮਰਤਾ ਅਤੇ ਇਮਾਨਦਾਰੀ ਨਾਲ ਤਨੋ-ਮਨੋ ਆਪਣੀਆਂ ਜਿੰਮੇਵਾਰੀਆਂ ਅਤੇ ਸੇਵਾਵਾਂ ਨਿਭਾਉਣ ਲਈ ਪ੍ਰੇਰਿਤ ਕੀਤਾ।

## ਜੂਨੀਅਰ ਓਪਨ ਐਥਲੈਟਿਕਸ ਚੈਂਪੀਅਨਸ਼ਿਪ-2021 ਵਿੰਚ ਹਰਨੂਰ ਸਿੰਘ ਦੀ ਜਿੰਤ



ਮਿਤੀ 16-17 ਜਨਵਰੀ 2021 ਨੂੰ ਸੰਗਰੂਰ ਵਿਖੇ ਆਯੋਜਿਤ ਕੀਤੀ ਗਈ ਜੂਨੀਅਰ ਓਪਨ ਐਥਲੈਟਿਕਸ ਚੈਂਪੀਅਨਸ਼ਿਪ-2021 ਵਿੰਚ ਫਿਰ ਇੰਕ ਵਾਰ ਚੀਫ਼ ਖ਼ਾਲਸਾ ਦੀਵਾਨ ਦੁਆਰਾ ਸੰਚਾਲਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ. ਟੀ. ਰੋਡ ਜਮਾਤ ਬਾਰ੍ਹਵੀਂ ਦੇ ਹੋਣਹਾਰ ਵਿਦਿਆਰਥੀ ਹਰਨੂਰ ਸਿੰਘ ਨੇ ਅੰਡਰ-20 ਡਿਸਕਸ ਥ੍ਰੋਅ ਮੁਕਾਬਲੇ ਵਿੰਚ ਪਹਿਲਾ ਸਥਾਨ ਹਾਸਲ ਕੀਤਾ । ਹਰਨੂਰ ਸਿੰਘ ਨੇ 53.55 ਮੀਟਰ ਦੂਰ ਡਿਸਕਸ ਥਰੋ ਕੀਤੀ । ਹਰਨੂਰ ਸਿੰਘ ਦੀ ਇਸ ਜਿੰਤ ਨਾਲ ਉਸਦੀ 36ਵੀਂ ਨੈਸ਼ਨਲ ਜੂਨੀਅਰ ਐਥਲੈਟਿਕਸ ਚੈਂਪੀਅਨਸ਼ਿਪ ਜੋ ਕਿ ਮਿਤੀ 6 ਫਰਵਰੀ 2021 ਤੋਂ 10 ਫਰਵਰੀ 2021 ਨੂੰ ਗੁਵਾਹਾਟੀ ਵਿਖੇ ਹੋਣ ਜਾ ਰਹੀ ਹੈ, ਲਈ ਸਿਲੈਕਸ਼ਨਲ ਹੋਈ ਹੈ । ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ, ਚੇਅਰਮੈਨ ਸੀ.ਕੇ.ਡੀ. ਸਕੂਲਜ਼ ਸ੍ਰ. ਭਾਗ ਸਿੰਘ ਅਣਖੀ, ਆਨਰੇਰੀ ਸੰਕਤਰ ਸ੍ਰ. ਸਵਿੰਦਰ ਸਿੰਘ ਕੰਥੁਨੰਗਲ, ਸ੍ਰ. ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੰਜਰ, ਸ੍ਰ. ਅਮਰਜੀਤ ਸਿੰਘ ਵਿਕਰਾਂਤ, ਸਥਾਨਕ ਪ੍ਰਧਾਨ ਸ੍ਰ. ਹਰਮਿੰਦਰ ਸਿੰਘ, ਮੈਂਬਰ ਇੰਚਾਰਜ ਪ੍ਰੋ. ਹਰੀ ਸਿੰਘ, ਸਕੂਲ ਦੇ ਪ੍ਰਿੰਸੀਪਲ ਡਾ: ਧਰਮਵੀਰ ਸਿੰਘ ਅਤੇ ਖੇਡ ਇੰਚਾਰਜ ਸ੍ਰੀਮਤੀ ਅੰਮ੍ਰਿਤਪਾਲ ਕੌਰ ਨੇ ਹਰਨੂਰ ਸਿੰਘ ਦੀ ਇਸ ਸ਼ਾਨਦਾਰ ਜਿੰਤ ਤੇ ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਵਧਾਈ ਦਿੰਤੀ ਅਤੇ ਭਵਿੰਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੰਤੀਆਂ



## ਲੋਕਤੰਤਰ ਦਾ ਕਤਲ, ਨਿਹੱਥੇ ਸਿੰਘ ਨੂੰ ਕੀਤਾ ਲਹੂ ਲੁਹਾਨ

Postal No. L-I/PB-ASR/0220/2019-2021

# ਮੈਂ ਨਿਸ਼ਾਨ ਸਾਹਿਬ ਹਾਂ










ਮੈਂ ਸਭ ਜਾਣਦਾ ਹਾਂ ਕਿ ਇਹ ਸੰਸਾਰ ਕਿੰਨਾ ਸੁਆਰਥੀ ਹੈ।

ਅਜ ਜਦੋਂ ਮੈਨੂੰ ਲਾਲ ਕਿਲੇ ਤੇ ਝੁਲਾਇਆ ਗਿਆ ਤਾਂ ਮੇਰੇ ਤੇ ਕਰ ਦਿੱਤੇ ਹਜ਼ਾਰਾ ਦੋਸ਼ ਤੇ ਇਲਜ਼ਾਮ।

ਪਰ ਕੁੱਝ ਸਮਾਂ ਪਹਿਲਾ ਲਾਕਡਾਊਨ ਸਮੇਂ ਲੋਕ ਮੈਨੂੰ ਦੂਰੋ ਦੇਖ ਕੇ ਭੱਜੇ ਆਉਂਦੇ ਸਨ ਕਿਉਂਕਿ

ਪੇਟ ਦੀ ਅੱਗ ਬੁਝਾਉਣ ਲਈ ਲੰਗਰ ਦੀ ਇਕੋ ਇਕ ਉਮੀਦ ਮੈਂ ਹੀ ਸੀ।

ਹਨੇਰ ਸਾਈਂ ਦਾ ਅੱਜ ਵੀ ਮੇਰੇ ਕੋਲ ਲੰਗਰ ਛਕ ਕੇ ਜਾਣ ਵਾਲੇ ਅਕਿਰਤਘਣ

ਮੇਰੇ ਅਤੇ ਮੇਰੇ ਬਚਿਆਂ ਤੇ ਜੁਲਮ ਕਰ ਰਹੇ ਹਨ।

ਮੇਰੇ ਵਾਰਸਾਂ ਨੇ ਮੁਗਲਾਂ ਤੋ ਦੇਸ਼ ਅਜ਼ਾਦ ਮੇਰੀ ਅਗਵਾਈ ਵਿਚ ਕਰਵਾਇਆ।

ਉਸ ਸਮੇਂ ਤਾਂ ਤਿਰੰਗੇ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ ਜਦੋਂ ਮੈਂ ਲਾਲ ਕਿਲ੍ਹੇ ਤੇ ਝੂੱਲਦਾ ਸੀ।

ਅੱਜ ਵੀ ਮੈਂ ਦੁਨੀਆਂ ਦੇ ਵੱਡੇ-ਵੱਡੇ ਦੇਸ਼ਾਂ ਦੇ ਕੌਮੀ ਝੰਡਿਆਂ ਨਾਲ

ਝੂੱਲਦਾ ਹਾਂ ਅਤੇ ਉਹ ਲੋਕ ਮਾਣ ਕਰਦੇ ਨੇ ਮੇਰੀ ਹਾਜ਼ਰੀ ਤੇ।

ਇਸ ਲਈ ਅੰਕਿਰਤਘਣ ਨਾ ਬਣੋ, ਵਕਤ ਬਦਲਦੇ ਦੇਰ ਨਹੀ ਲੱਗਣੀ।

ਮਿਟ ਜਾਉਗੇ ਮੈਨੂੰ ਮਿਟਾਉਦੇ, ਮੈਨੂੰ ਜਲਾਉਦੇ।

ਮੈਂ ਅਜ਼ਾਦ ਹਾਂ, ਮੈਂ ਅਜ਼ਾਦ ਹੀ ਰਹਾਂਗਾ।

ਮੈਂ ਅਕਾਲਪੁਰਖ ਦਾ ਨਿਸ਼ਾਨ ਹਾਂ।

ਸਦੀਆਂ ਤੋਂ ਆਏ ਮੈਨੂੰ ਮਿਟਾਉਣ ਵਾਲੇ, ਪਰ ਖੁਦ ਮਿੱਟੀ ਵਿਚ ਮਿਲ ਗਏ।

ਮੈਂ ਅਜ ਵੀ ਅੰਬਰਾਂ ਨੂੰ ਛੋਹਦਾ ਹਾਂ ਤੇ ਰਹਿੰਦੀ ਦੁਨੀਆਂ ਤਕ ਐਵੇ ਹੀ ਝੂਲਦਾ ਰਹਾਂਗਾ।

Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਸ. ਭਾਗ ਸਿੰਘ ਅਣਖੀ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-02-2021 ਨੂੰ ਜਾਰੀ ਕੀਤਾ ।